

* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *

# * ਸਾਕਾ ਚਮਕੌਰ ਅਤੇ ਸਾਕਾ ਸਰਹੰਦ *

ਇਸ ਫਾਈਲ ਵਿਚ ਆਪ ਜੀ ਨਾਲ ਸ਼ਹੀਦੀ ਹਫਤੇ ਦੇ ਇਤਿਹਾਸ ਦੀ ਸਾਂਝ ਪਾਈ ਗਈ ਹੈ, ਹਰੇਕ ਘਟਨਾ ਨਾਲ ਕਾਲਪਨਿਕ ਤਸਵੀਰਾਂ ਵੀ ਸੰਕੇਤਕ ਤੌਰ 'ਤੇ ਦਿਤੀਆਂ ਗਈਆਂ ਹਨ। ਇਸ ਲਾਸਾਨੀ ਇਤਿਹਾਸ ਨੂੰ ਵੱਧ ਤੋਂ ਵੱਧ ਸੰਗਤਾਂ ਨਾਲ ਸਾਂਝਾ ਕਰੋ ਅਤੇ ਬੱਚਿਆਂ ਨੂੰ ਦੱਸੋ।

ਸਿੱਖ ਨੂੰ ਤਸਵੀਰਾਂ ਪੂਜਣ ਦੀ ਸਖ਼ਤ ਮਨਾਹੀ ਹੈ, ਇਹ ਤਸਵੀਰਾਂ ਸਿਰਫ ਪ੍ਰਮਾਣ ਵਜੋਂ ਵਰਤੀਆਂ ਗਈਆਂ ਹਨ।


©anandpurwaasi
ਇਹ ਪੋਸਟਾਂ ਅਨੰਦਪੁਰ ਵਾਸੀ ਪੇਜ ਲਈ ਤਿਆਰ ਕੀਤੀਆਂ ਗਈਆਂ
ਹਨ ਅਤੇ ਸੰਗਤ ਦੇ ਹੁਕਮ 'ਤੇ ਸਾਰੀਆਂ ਪੋਸਟਾਂ ਇਕੱਠੀਆਂ ਕਰਕੇ ਇਕ
ਫਾਈਲ ਬਣਾਈ ਗਈ ਹੈ ਜਿਸ ਨਾਲ ਪੜ੍ਹਨ ਵਿਚ ਆਸਾਨੀ ਰਹੇਗੀ ਜੀ।
ਇਤਿਹਾਸ ਨਾਲ ਜੁੜਨ ਲਈ ਅਤੇ ਹੋਰ ਗੁਰਸਿੱਖੀ ਸਬੰਧਤ ਜਾਣਕਾਰੀ
ਲੈਣ ਲਈ ਅਨੰਦਪੁਰ ਵਾਸੀ ਪੇਜ ਨਾਲ ਜੁੜੋ ਜੀ।
/anandpurwaasi



ਨੋਟ:- ਸਾਰਾ ਇਤਿਹਾਸ ਜਿੰਨਾ ਗ੍ਰੰਥਾਂ ਵਿਚੋਂ ਲਿਆ ਗਿਆ ਹੈ ਉਹਨਾਂ ਦੇ ਹਵਾਲੇ ਅਖੀਰ ਵਿਚ ਦਿਤੇ ਗਏ ਹਨ। ਕੋਈ ਵੀ ਪ੍ਰਸੰਗ ਜਾਂ ਘਟਨਾ ਆਪਣੇ ਕੋਲੋਂ ਨਹੀਂ ਲਿਖੀ ਗਈ।

ਆਪ ਜੀ ਪੜ੍ਹੋ ਅਤੇ ਅਸੀਸ ਬਖਸ਼ੋ ਜੀ।




# ਸਫ਼ਰ ਏ ਸ਼ਹਾਦਤ

## ਸਾਕਾ ਚਮਕੌਰ ਅਤੇ ਸਾਕਾ ਸਰਹੰਦ

ਹੌਲੀਡੇਅ ਸੀਜ਼ਨ ਮਾਣ ਰਹੇ ਦੋਸਤੋ, ਸਿੱਖ ਇਤਿਹਾਸ ਦਾ ਸ਼ਹੀਦੀ ਹਫਤਾ ਸ਼ੁਰੂ ਹੋਣ ਜਾ ਰਿਹਾ ਹੈ। ਇਸ ਬਾਰੇ ਆਪਸ 'ਚ ਗੱਲਬਾਤ ਕਰਕੇ ਵਿਚਾਰ ਕਰੋ। ਜਿਹਨੂੰ ਨਹੀਂ ਪਤਾ, ਉਸਨੂੰ ਸੂਰਮਗਤੀ ਦਾ ਇਹ ਇਤਿਹਾਸ ਦੱਸੋ। ਆਪਣੇ ਬੱਚਿਆਂ ਨਾਲ ਇਹ ਵਾਰਤਾ ਜ਼ਰੂਰ ਸਾਂਝੀ ਕਰਿਓ।

follow us on /anandpurwaasi


@anandpurwaasi
ਸਫ਼ਰ ਏ ਸ਼ਹਾਦਤ
ਮਹਾਨ ਸ਼ਹੀਦ ਚਾਰੇ ਸਾਹਿਬਜ਼ਾਦੇ,ਮਾਤਾ ਗੁਜਰ ਕੌਰ ਜੀ, ਗੁਰੂ ਸਾਹਿਬ ਜੀ ਦੇ
ਪਿਆਰੇ ਸਿੰਘ ਸਿੰਘਣੀਆਂ ਦੀਆਂ ਪਾਵਨ ਸ਼ਹੀਦੀਆਂ ਭਰਿਆ ਮਹੀਨਾ ਅਰੰਭ
ਹੋ ਚੁਕਿਆ ਹੈ ਜੀ ਅਤੇ ਇਸ ਇਤਿਹਾਸ ਦੀ ਲੜੀਵਾਰ ਜਾਣਕਾਰੀ ਦੀ ਸਾਂਝ
ਪਾਉਣ ਦਾ ਯਤਨ ਕਰਾਂਗੇ ਜੀ। ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਜੀ ਕਿ
ਵੱਧ ਤੋਂ ਵੱਧ ਸੰਗਤ ਤੱਕ ਪਹੁੰਚਦਾ ਕਰਿਓ ਅਤੇ ਆਪ ਵੀ ਪਾਵਨ ਇਤਿਹਾਸ ਤੋਂ
ਸੇਧ ਲੈ ਕੇ ਮਹਾਨ ਸ਼ਹੀਦਾਂ ਦੀ ਯਾਦ ਵਿਚ ਜੁੜੀਏ ।
follow us on /anandpurwaasi




# ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਾਲਮ ਹਕੂਮਤ ਦੀ ਗੁਲਾਮੀ ਦੇ ਆਦੀ ਹੋ ਚੁੱਕੇ ਅਤੇ ਦੱਬੇ ਕੁਚਲੇ ਲੋਕਾਂ ਨੂੰ ਅਜ਼ਾਦ ਕਰਨ ਲਈ ਪਹਿਲਾਂ ਆਪਣੇ ਪਿਤਾ ਜੀ ਦੀ ਕੁਰਬਾਨੀ ਦਿੱਤੀ ਅਤੇ ਫੇਰ 1699 ਦੀ ਵਿਸਾਖੀ ਨੂੰ ਖਾਲਸਾ ਪੰਥ ਪ੍ਰਗਟ ਕੀਤਾ ਜਿਸ ਵਿਚ ਸ਼ਾਮਲ ਹੋ ਕੇ ਹਕੂਮਤ ਦੇ ਦੁਰਕਾਰੇ ਲੋਕ ਸਿੰਘ ਸਰਦਾਰ ਅਖਵਾਏ। ਪਰ ਹਿੰਦੂ ਰਾਜਿਆਂ ਦੀ ਅਕਲ ਅੰਨ੍ਹੀ ਸੀ......

ਅੱਗੇ ਪੜ੍ਹੋ ਜੀ

follow us on /anandpurwaasi

# ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾਬੰਦੀ ਦੇ ਕਾਰਨ

ਭਾਵੇਂ ਨਿਰਭਉ ਅਤੇ ਨਿਰਵੈਰ ਗੁਰਦੇਵ ਜੀ ਵੱਲੋਂ ਬਿਨਾਂ ਸ਼ੱਕ ਇਹ ਸ਼ਕਤੀ ਕੇਵਲ ਜ਼ੁਲਮ ਅਤੇ ਜ਼ਾਲਮ ਦਾ ਖਾਤਮਾ ਕਰਨ ਲਈ ਸਥਾਪਿਤ ਕੀਤੀ ਗਈ ਸੀ ਪਰ ਪਹਾੜੀ ਰਾਜੇ ਖਾਸ ਕਰਕੇ ਕਹਿਲੂਰ ਦਾ ਰਾਜਾ ਭੀਮ ਚੰਦ; ਇਸ ਨੂੰ ਆਪਣੇ ਲਈ ਖਤਰਾ ਸਮਝ ਰਿਹਾ ਸੀ ਜਿਸ ਕਰਕੇ ਉਹ ਅਨੰਦਪੁਰ ਦੇ ਵਾਸੀ ਸਤਿਗੁਰੂ ਜੀ ਨਾਲ ਬਿਨਾਂ ਕਾਰਨ ਗਹਿਰੀ ਈਰਖਾ ਰੱਖ ਕੇ, ਜ਼ਿਆਦਤੀਆਂ ਕਰ ਰਿਹਾ ਸੀ। ਸਤਿਗੁਰੂ ਜੀ ਦੇ ਮਨ ਵਿੱਚ ਕਿਸੇ ਲਈ ਵੀ ਵੈਰ ਭਾਵਨਾ ਨਹੀਂ ਸੀ ਪਰ ਇਹਨਾਂ ਰਾਜਿਆਂ ਨੇ ਖਾਲਸਈ ਵੇਗ ਨੂੰ ਰੋਕਣ ਲਈ ਗੁਰਦੇਵ ਜੀ ਨਾਲ ਅਕਾਰਣ ਹੀ ਭੰਗਾਣੀ ਦੇ ਪਹਿਲੇ ਯੁੱਧ ਸਮੇਤ ਤਕਰੀਬਨ 10 ਲੜਾਈਆਂ ਕੀਤੀਆਂ ਜਿਹਨਾਂ ਵਿੱਚ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਹੇਠ ਪ੍ਰਚੰਡ ਹੋ ਰਹੀ ਜਨ-ਸ਼ਕਤੀ ਅਥਵਾ ਖ਼ਾਲਸਾ ਸ਼ਕਤੀ ਨੂੰ ਆਪਣੀ ਅਥਾਹ ਫੌਜੀ ਸ਼ਕਤੀ ਅਤੇ ਕਪਟ ਚਾਲਾਂ ਨਾਲ ਰੰਚਕ ਵੀ ਹਿਲਾ ਨਾ ਸਕੇ। ਇਸ ਤਰ੍ਹਾਂ ਬਾਈ ਧਾਰ ਦੇ ਰਾਜਿਆਂ ਦਾ ਇਹ ਜੁੱਟ ਅੰਦਰੋਂ-ਅੰਦਰੀ ਸਤਿਗੁਰੂ ਜੀ ਤੋਂ ਪੂਰੀ ਤਰ੍ਹਾਂ ਭੈ-ਭੀਤ ਹੋ ਚੁੱਕਾ ਸੀ।



@anandpurwaasi

follow us on /anandpurwaasi

ਅਨੰਦਪੁਰ ਸਾਹਿਬ ਦੇ ਇਸ ਮਹਾਨ ਅਸਥਾਨ ਤੇ ਹੀ ਆਪਣੀ ਉੱਮਤ ਵਿੱਚ ਸਵੈ-ਮਾਣ, ਪ੍ਰਤਿਸ਼ਠਾ ਅਤੇ ਚੜ੍ਹਦੀ ਕਲਾ ਦੀ ਰੂਹ ਫੂਕਣ ਲਈ "ਸੱਚੇ ਪਾਤਸ਼ਾਹ ਜੀ" ਦੀ ਸੁਨਹਿਰੀ ਕਲਗੀ, ਚਿੱਟਾ ਬਾਜ਼, ਨੀਲਾ ਘੋੜਾ, ਝੂਲਦਾ ਕੇਸਰੀ ਨਿਸ਼ਾਨ, ਪਹਾੜਾਂ ਦੀਆਂ ਫ਼ਿਜ਼ਾਵਾਂ ਵਿੱਚ ਗੂੰਜਦੀ ਰਣਜੀਤ ਨਗਾਰੇ ਦੀ ਧਮਕ ਹਲੇਮੀ ਰਾਜ ਦੀ ਸਥਾਪਨਾ ਵੱਲ ਵਧਣ ਵਾਲੇ ਕਦਮਾਂ ਦੀ ਰਾਹ-ਰੁਸ਼ਨਾਈ ਕਰ ਰਹੇ ਸਨ। ਮੌਕੇ ਦਾ ਬਾਦਸ਼ਾਹ ਫੁਰਮਾਨ ਜਾਰੀ ਕਰ ਰਿਹਾ ਸੀ ਕਿ ਕੋਈ ਪੱਗ ਨਾ ਬੰਨ੍ਹੇ, ਸੋਹਣਾ ਘੋੜਾ ਨਾ ਰੱਖੇ, ਹਥਿਆਰ ਧਾਰਨ ਨਾ ਕਰੇ ਪਰ ਗੁਰਦੇਵ ਜੀ ਦਾ ਹੁਕਮ ਸੀ ਕਿ "ਹਥਿਆਰ ਬੰਨ੍ਹ ਕੇ ਦਰਸ਼ਨਿ ਆਵਣਾ।ਜੋ ਸਿੱਖ ਹਥਿਆਰ ਬੰਨ੍ਹ ਕੇ ਦਰਸ਼ਨ ਆਵਗੁ, ਸੋ ਨਿਹਾਲ ਹੋਗੁ।.. ਅਰੁ ਹਥਿਆਰ ਆਪ ਸਿਉ ਜੁਦਾ ਨਾ ਕਰੇ, ਸਿੰਘ-ਮੁੱਖ ਗਊ ਹੋਇ ਰਹੇ। ਜਬ ਜਾਣੈ ਕਿ ਕੋਈ ਦੁਸ਼ਟ ਖਹਿੜਾ ਛੱਡਦਾ ਨਾਹੀ ਔਰ ਧਰਮ ਕੀ ਬਾਤ ਹੈ, ਰਾਜਾ ਨਿਆਵ ਨਹੀਂ ਕਰਦਾ ਤਬ ਵਕਤ ਦੇਖ ਕੈ ਸ਼ਸਤਰ ਚਲਾਵੈ, ਅੰਤ ਅੰਤ ਕੋ ਲਾਚਾਰੀ।" ਸਤਿਗੁਰੂ ਜੀ ਨੇ ਦ੍ਰਿੜ ਕਰਵਾ ਦਿੱਤਾ ਸੀ ਕਿ ਹੁਣ ਸ਼ਸਤਾਂ ਤੋਂ ਬਿਨਾਂ ਗੁਲਾਮੀ ਦੀਆਂ ਜੰਜ਼ੀਰਾਂ ਨਹੀਂ ਕੱਟੀਆਂ ਜਾ ਸਕਦੀਆਂ। ਸਤਿਗੁਰੂ ਜੀ ਦੇ ਇਹਨਾਂ ਫੁਰਮਾਨਾਂ ਨੂੰ ਭਾਈ ਸੁੱਖਾ ਸਿੰਘ ਜੀ ਨੇ ਗੁਰ ਬਿਲਾਸ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ:

ਤਬ ਇਮ ਭਨਿਓ ਗਰੀਬ ਨਿਵਾਜ਼, ਸ਼ਸਤ੍ਰਨ ਕੇ ਅਧੀਨ ਹੈ ਰਾਜ।
ਪੁਨੰ ਸੰਗ ਸਾਰੇ ਪ੍ਰਭੁ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਹਿ ਭਾਈ।
ਬਿਨਾ ਸ਼ਸਤਰ ਕੇਸੰ, ਨਰੰ ਭੇਡ ਜਾਨੋ।ਗਹੇ ਕਾਨ ਤਾਂਕੋ ਕਿਤੈ ਲੈ ਸਿਧਾਨੋ।
ਇਹੋ ਮੋਰ ਆਗਯਾ ਸਨੋ ਹੇ ਪਿਆਰੇ।ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।
ਇਹੋ ਮੋਰ ਬੈਨਾ ਮੰਨੇਗਾ ਜੋਈ। ਤਿਸੈ ਇੱਛ ਪੂਰੰ, ਸਭੈ ਜਾਨ ਸੋਈ।

2

©ANANDPURWAASI

follow us on /anandpurwaasi

"ਖ਼ਾਲਸਾ" ਰੂਪ ਵਿੱਚ ਕਲਗੀਧਰ ਪਿਤਾ ਜੀ ਦੀ ਸਰਪ੍ਰਸਤੀ ਹੇਠ ਇੱਕ ਜੁੱਟ ਹੋਈ ਸ਼ਕਤੀ ਦਾ ਵੇਗ ਜਦ ਜਵਾਰਭਾਟੇ ਦੇ ਰੂਪ ਵਿੱਚ ਪ੍ਰਗਟ ਹੋਣ ਲੱਗਾ ਤਦ ਆਪਣੇ ਸੌੜੇ ਨਿੱਜੀ ਹਿੱਤਾਂ ਦੀ ਰਖਵਾਲੀ ਲਈ ਜਨਤਾ ਉੱਪਰ ਜ਼ੁਲਮ ਕਰਨ ਵਾਲੀ ਪਹਾੜੀ ਰਾਜਿਆਂ ਦੀ ਇਸ ਜੁੰਡਲੀ ਨੇ ਆਪਣੀ ਹੀ ਸਿਧਾਂਤਕ ਵਿਰੋਧੀ, ਮੁਗਲੀਆ ਸਲਤਨਤ ਨਾਲ ਹੱਥ ਮਿਲਾ ਕੇ ਇਸ ਖਾਲਸਈ ਸ਼ਕਤੀ ਨੂੰ ਖਤਮ ਕਰਨ ਦੇ ਮਨਸੂਬਿਆਂ ਦੀ ਆਰੰਭਤਾ ਕਰ ਦਿੱਤੀ। ਆਖਿਰ ਜ਼ਾਲਮ ਮੁਗਲੀਆ ਸਲਤਨਤ ਅਤੇ ਉਸ ਦੇ ਸਹਿਯੋਗੀ ਹੋ ਰਹੇ ਇਹਨਾਂ ਪਹਾੜੀ ਰਾਜਿਆਂ, ਜਿਨਾਂ ਨੂੰ ਬਾਈਧਾਰ ਦੇ ਰਾਜੇ ਵੀ ਕਿਹਾ ਜਾਂਦਾ ਹੈ, ਦੇ ਕੀਤੇ ਜਾ ਰਹੇ ਅੱਤਿਆਚਾਰ ਦੇ ਖਾਤਮੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣੀ ਸਰਪ੍ਰਸਤੀ ਵਾਲੀ ਖੁੱਲ੍ਹ ਦੇ ਕੇ ਜ਼ਾਲਮ ਲਈ ਵੰਗਾਰ ਘੱਤ ਮਾਰੀ ਸੀ। ਖ਼ਾਲਸੇ ਤੋਂ ਦੰਦ ਖੱਟੇ ਕਰਾ ਕੇ, ਸ਼ਰਮਿੰਦਗੀ ਦੇ ਮਾਰੇ ਦਿੱਲੀ ਦਰਬਾਰ ਜਾ ਫਰਿਆਦੀ ਹੋਏ ਅਤੇ ਗੁਰੂ ਘਰ ਪ੍ਰਤੀ ਔਰੰਗਜ਼ੇਬ ਨੂੰ ਭੜਕਾਉਣ ਲੱਗੇ ਕਿ ਹੇ ਸ਼ਾਹ ਜੀ! ਜਾਂ ਤਾਂ ਅਸਾਡੀ ਮਦਦ ਕਰਕੇ ਸਾਡੇ ਰਾਹੀਂ ਕਾਇਮ ਇਸ ਤੁਹਾਡੇ ਰਾਜ ਭਾਗ ਦੀ ਮਦਦ ਕਰੋ ਨਹੀਂ ਤਾਂ ਅਸੀਂ ਤੁਹਾਨੂੰ ਤੁਹਾਡੀ ਮੁਗ਼ਲ ਸਰਕਾਰ ਦਾ ਟੈਕਸ ਭਰਨ ਤੋਂ ਅਸਮਰੱਥ ਹਾਂ ਅਤੇ ਇਹ ਜਜੀਆ ਜਾਂ ਟੈਕਸ ਅਸੀਂ ਖ਼ਾਲਸੇ ਨੂੰ ਭਰਨ ਲਈ ਮਜ਼ਬੂਰ ਹੋ ਜਾਵਾਂਗੇ। ਕਹਿਲੂਰ ਦੇ ਰਾਜੇ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਵੱਲੋਂ ਇਸ ਸਾਰੀ ਗਲਤ ਚੁੱਕ ਦਾ ਨਤੀਜਾ ਇਹ ਹੋਇਆ ਕਿ ਬਹੁਤ ਵੱਡੀ ਤਾਦਾਦ ਵਿੱਚ ਦਿੱਲੀ ਦੀ ਸੈਨਾ ਜੋ ਕਾਬਲ ਅਤੇ ਖੈਬਰ ਵਾਲੇ ਪਾਸੇ ਤੋਂ ਹਿੰਦੁਸਤਾਨ ਦੀ ਰਖਵਾਲੀ ਲਈ ਤਾਇਨਾਤ ਸੀ; ਉਸ ਨੂੰ ਗੁਰੂ ਸਾਹਿਬ ਉੱਪਰ ਹਮਲਾ ਕਰਨ ਲਈ ਫੁਰਮਾਨ ਜਾਰੀ ਕਰ ਦਿੱਤਾ ਗਿਆ।



©ANANDPURWAASI
follow us on /anandpurwaasi




ਪਹਾੜੀ ਰਾਜਿਆਂ ਨੇ ਅਨੰਦਪੁਰ ਸਾਹਿਬ ਤੇ ਕਬਜਾ ਕਰਨ ਲਈ ਬਹੁਤ ਜੰਗਾਂ ਕੀਤੀਆਂ, ਅੱਠ ਮਹੀਨੇ ਘੇਰਾ ਪਾਈ ਰੱਖਿਆ ਪਰ ਮੂੰਹ ਦੀ ਖਾਂਦੇ ਰਹੇ। ਪਹਾੜੀਆਂ ਨੇ ਆਪਣੇ ਇਕ ਹਾਥੀ ਨੂੰ ਸ਼ਰਾਬ ਪਿਆ ਕੇ ਲੋਹੇ ਦੀਆਂ ਤਵੀਆਂ ਅਤੇ ਸੁੰਡ ਨਾਲ ਸੈਫ ਬੰਨ ਕੇ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਲਈ ਭੇਜਿਆ ਤਾਂ ਕਿ ਕਿਲੇ ਦੇ ਅੰਦਰ ਦਾਖਲ ਹੋਇਆ ਜਾ ਸਕੇ। ਪਰ ਗੁਰੂ ਕੇ ਸੂਰਮੇ ਭਾਈ ਬਚਿੱਤਰ ਸਿੰਘ ਨੇ ਕਲਗੀਧਰ ਦਾ ਥਾਪੜਾ ਲੈ ਕੇ ਨਾਗਣੀ ਬਰਛੇ ਨਾਲ ਹਾਥੀ ਦਾ ਮੱਥਾ ਲੋਹੇ ਦੀਆਂ ਤਵੀਆਂ ਸਮੇਤ ਪਾੜ ਦਿਤਾ ਅਤੇ ਪਹਾੜੀਆਂ ਦਾ ਮਨਸੂਬਾ ਨਾਕਾਮ ਕਰ ਦਿਤਾ।

4

follow us on /anandpurwaasi




ਇਸੇ ਜੰਗ ਦੌਰਾਨ ਕੇਸਰੀ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਕਿਹਾ ਕਿ ਮੈਂ ਤੁਹਾਡੀ ਗਰਦਨ ਵੱਢ ਕੇ ਆਪਣੇ ਪੈਰਾਂ ਚ ਰੱਖਾਂਗਾ, ਇਸੇ ਗੱਲ ਨੂੰ ਸੁਣਕੇ ਭਾਈ ਬਚਿੱਤਰ ਸਿੰਘ ਦੇ ਵੱਡੇ ਭਰਾ ਭਾਈ ਉਦੈ ਸਿੰਘ ਨੂੰ ਰੋਹ ਚੜ੍ਹਿਆ ਕਿਉਂਕਿ "ਗੁਰ ਕੀ ਨਿੰਦਾ ਸੁਨੇ ਨਾ ਕਾਨ, ਭੇਟ ਕਰੋ ਤਿਸ ਸੰਗ ਕਿਰਪਾਨ" ਦੇ ਬਚਨ ਦ੍ਰਿੜ ਸਨ। ਭਾਈ ਉਦੈ ਸਿੰਘ ਜੀ ਨੂੰ ਦਸਮੇਸ਼ ਪਿਤਾ ਨੇ ਆਪਣੇ ਸ਼ਸਤਰਾਂ ਵਿਚੋਂ ਤੇਗਾ ਅਤੇ ਬਰਛਾ ਦਿਤਾ, ਭਾਈ ਸਾਹਿਬ ਤੇਜੀ ਨਾਲ ਗਏ ਅਤੇ ਕੇਸਰੀ ਚੰਦ ਦਾ ਸਿਰ ਕੱਦੂ ਵਾਂਗ ਵੱਢ ਲਿਆ ਅਤੇ ਬਰਛੇ ਚ ਫਸਾ ਕੇ ਗੁਰੂ ਕਲਗੀਧਰ ਦੇ ਚਰਨਾਂ ਵਿਚ ਰੱਖ ਦਿਤਾ। ਚੇਤੇ ਰੱਖੋ ਕੇਸਰੀ ਚੰਦ ਨੇ ਹਲੇ ਸਿਰਫ ਮੂੰਹੋ ਹੀ ਕਢਿਆ ਸੀ ਪਰ ਗੁਰੂ ਕੇ ਸੂਰਮੇ ਨੇ ਝੱਟ ਹੀ ਗੁਰੂ ਸਾਹਿਬ ਨੂੰ ਮੰਦੇ ਬਚਨ ਬੋਲਣ ਵਾਲੇ ਦੁਸ਼ਟ ਦਾ ਸੋਧਾ ਲਗਾ ਦਿੱਤਾ।



follow us on /anandpurwaasi



© ANANDPURWAASI

ਏਥੇ ਸੋਚਣ ਵਾਲੀ ਗੱਲ ਹੈ ਕਿ "ਗ਼ੁਲਾਮੀ ਦਾ ਗ਼ਮ" ਹਿੰਦੁਸਤਾਨ ਦੇ ਗਲੋਂ ਲਾਹ ਕੇ "ਅਜ਼ਾਦੀ ਦੇ ਖੇੜੇ" ਦਾ ਅਨੰਦ ਬਖਸ਼ਣ ਜਾ ਰਹੀ "ਅਨੰਦਪੁਰੀ" ਨੂੰ ਤਹਿਸ ਨਹਿਸ ਕਰਨ ਦੀ ਬਦਨੀਅਤ ਨਾਲ ਔਰੰਗਜ਼ੇਬ ਵੱਲੋਂ ਭੇਜੀ ਦਿੱਲੀ ਦੀ ਫੌਜ ਨੇ ਬਾਈਧਾਰੀਆਂ ਅਤੇ ਹੋਰ ਜਰਵਾਣਿਆਂ ਦੀ ਮਦਦ ਨਾਲ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਆ ਘੱਤਿਆ। ਇਸ ਘੇਰੇ ਤਹਿਤ ਸਰਹੰਦ ਅਤੇ ਮਲੇਰਕੋਟਲੇ ਦੇ ਨਵਾਬ ਦੀਆਂ ਫੌਜਾਂ ਨੇ ਰੋਪੜ ਵਾਲੇ ਪਾਸੇ ਤੋਂ ਘੇਰਾ ਪਾ ਲਿਆ, ਦੁਆਬੇ ਵਾਲੇ ਪਾਸੇ ਲਾਹੌਰ ਦੀ ਫੌਜ ਆ ਪਈ ਅਤੇ ਪਹਾੜ ਵਾਲੇ ਪਾਸੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਆ ਘੇਰਾ ਪਾਇਆ।



follow us on /anandpurwaasi



ਉਹਨਾਂ ਦੀ ਯੋਜਨਾ ਸੀ ਕਿ ਜਦੋਂ ਸਤਿਗੁਰੂ ਜੀ ਨੂੰ ਬਾਹਰੋਂ ਰਸਦ ਪਾਣੀ ਤੇ ਸਿੰਘਾਂ ਦੀ ਕੁਮਕਾਂ ਨਾ ਪੁੱਜੇਗੀ ਤਦੋਂ ਭੁੱਖ ਦੇ ਦੁੱਖ ਅਤੇ ਬਾਹਰੀ ਸੰਪਰਕ ਟੁੱਟਣ ਕਾਰਣ ਸਤਿਗੁਰੂ ਜੀ ਆਪਣੇ ਆਪ ਨੂੰ ਸਾਡੇ ਹਵਾਲੇ ਕਰ ਦੇਣਗੇ। ਅਨੰਦਪੁਰ ਸਾਹਿਬ ਨੂੰ ਛੇ ਮਹੀਨੇ ਤੋਂ ਉੱਪਰ ਦਾ ਸਮਾਂ ਘੇਰਾ ਪਾ ਕੇ ਮੁਗਲ ਤੇ ਪਹਾੜੀ ਫੌਜਾਂ ਬੈਠੀਆਂ ਰਹੀਆਂ ਪਰ ਗੁਰਦੇਵ ਜੀ ਤੇ ਸਿੰਘਾਂ ਦੇ ਹੌਂਸਲੇ ਅਤੇ ਚੜ੍ਹਦੀਕਲਾ ਨੂੰ ਪਸਪਾ ਨਾ ਕਰ ਸਕੀਆਂ। ਸਿੰਘ, ਵੇਲੇ ਕੁਵੇਲੇ ਅਨੰਦਗੜ੍ਹ ਸਾਹਿਬ ਦੇ ਕਿਲੇ ਚੋਂ ਬਾਹਰ ਨਿਕਲ ਕੇ ਮੁਗਲ ਤੇ ਪਹਾੜੀ ਹਿੰਦੂ ਰਾਜਿਆਂ ਦੀਆਂ ਫੌਜਾਂ ਦੀ ਵੱਢ ਟੁੱਕ ਕਰਕੇ ਬਾਹਰੋਂ ਰਸਦ ਪਾਣੀ ਲੈ ਆਉਂਦੇ। ਹੌਲੀ-ਹੌਲੀ ਲੰਗਰ ਵੀ ਮਸਤਾਨੇ ਹੋ ਏ। ਭੁੱਖ ਅਤੇ ਪਿਆਸ ਨੇ ਸਿੰਘਾਂ ਨੂੰ ਅਤਿ ਪੀੜਾ ਵਿੱਚ ਨਪੀੜ ਦਿੱਤਾ।



© ANANDPURWAASI
follow us on /anandpurwaasi



©ANANDPURWAASI

ਸਮੇਂ- ਸਮੇਂ ਇਹਨਾਂ ਰਾਜਿਆਂ ਅਤੇ ਮੁਗਲ ਫ਼ੌਜ਼ਦਾਰਾਂ ਵੱਲੋਂ ਸਤਿਗੁਰੂ ਜੀ ਨੂੰ ਕਿਲ੍ਹਾ ਖਾਲੀ ਕਰਨ ਦੀਆਂ ਬੇਨਤੀਆਂ ਵੀ ਭੇਜੀਆਂ ਜਾਂਦੀਆਂ ਰਹੀਆਂ ਪਰ ਗੁਰਦੇਵ ਜੀ ਇਹਨਾਂ ਬੇਗੈਰਤਾਂ ਵੱਲੋਂ ਦਿੱਤੇ ਜਾਂਦੇ ਭਰੋਸਿਆਂ ਨੂੰ ਨਜ਼ਰ ਅੰਦਾਜ਼ ਹੀ ਕਰਦੇ ਰਹੇ ਕਿਉਂਕਿ ਤ੍ਰੈ- ਕਾਲ ਦਰਸੀ ਪ੍ਰੀਤਮ ਜੀ ਇਹਨਾਂ ਦੀਆਂ ਕਪਟ ਚਾਲਾਂ ਤੋਂ ਵਾਕਿਫ਼ ਸਨ।

ਬਾਕੀ ਅਗਲੇ ਅੰਕ ਵਿਚ......



follow us on /anandpurwaasi


* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਕਿਲ੍ਹਾ ਖਾਲੀ ਕਰਵਾਉਣ ਲਈ
ਹਿੰਦੂਆਂ ਨੇ ਜੰਞੂ ਸਾਲਗਰਾਮ ਅਤੇ
ਮੁਸਲਮਾਨਾਂ ਨੇ ਕੁਰਾਨ ਦੀਆਂ ਝੂਠੀਆਂ
ਕਸਮਾਂ ਚੁੱਕਣੀਆਂ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

ਐਨੇਂ ਲੰਬੇ ਸਮੇਂ ਤੋਂ ਘੇਰਾ ਪਾਈ ਬੈਠੀਆਂ ਇਹਨਾਂ ਫੌਜਾਂ ਦਾ ਮੰਤਵ ਹੱਲ ਨਾ ਹੋਇਆ। ਉਹ ਖਾਲਸੇ ਦੇ ਦ੍ਰਿੜ ਇਰਾਦੇ ਨੂੰ ਝੁਕਾ ਨਾ ਸਕੀਆਂ ਭਾਂਵੇਂ ਭੁੱਖ ਤੇ ਬਿਪਤਾ ਦੀਆਂ ਇਨ੍ਹਾਂ ਘੜੀਆਂ ਵਿੱਚ ਕੁੱਝ ਡੋਲ ਵੀ ਗਏ। ਖਾਣ ਲਈ ਸਾਰਾ ਦਾਣਾ-ਪੱਠਾ ਮੁੱਕ ਗਿਆ। ਕਈ ਗੁਰੂ ਕੇ ਪਿਆਰੇ ਭੁੱਖ ਦੇ ਦੁੱਖੋਂ ਸਰੀਰ ਤਿਆਗ ਗਏ। ਪ੍ਰਸਾਦੀ ਹਾਥੀ ਅਤੇ ਸਿੱਖਾਂ ਦੇ ਜਾਨ ਤੋਂ ਪਿਆਰੇ ਘੋੜੇ ਵੀ ਮਰ ਗਏ। ਬਚਦੇ ਸਿੱਖ ਭੁੱਖ ਕਰਕੇ ਇੰਨੇ ਨਿਰਬਲ ਹੋ ਚੁੱਕੇ ਸਨ ਕਿ ਸ਼ਸਤ੍ਰ ਉਠਾ ਕੇ ਲੜਨ ਦੀ ਵੀ ਹਿੰਮਤ ਨਹੀਂ ਸੀ ਰਹੀ। ਸਿੰਘਾਂ ਨੂੰ ਖਾਣ ਵਾਸਤੇ ਅੱਠਾਂ ਪਹਿਰਾਂ ਵਿੱਚ ਕੇਵਲ ਇੱਕ ਮੁੱਠ ਛੋਲਿਆਂ ਦੀ ਨਸੀਬ ਹੁੰਦੀ ਸੀ। ਸਤਿਗੁਰੂ ਦੀ ਰਹਿਨੁਮਾਈ ਹੀ ਇਸ ਮੰਝਧਾਰ ਵਿੱਚ ਫਸੀ ਬੇੜੀ ਦਾ ਇੱਕ ਮਲਾਹ ਸੀ, ਜੋ ਇਸ ਅਤਿ ਬਿਖਮ ਸਮੇਂ ਵੀ ਦ੍ਰਿੜਤਾ ਨਾਲ ਪੰਥ ਦੀ ਨਈਆ ਨੂੰ ਲਗਾਤਾਰ ਮੰਜ਼ਿਲ ਵੱਲ ਲਿਜਾ ਰਹੀ ਸੀ।ਇਸ ਸਮੇਂ ਇਹਨਾਂ ਗੁਰਸਿੱਖਾਂ ਨੂੰ ਆਪਣੇ ਗੁਰਦੇਵ ਜੀ ਦੀ ਸਲਾਮਤੀ ਦਾ ਸੰਸਾ ਵੀ ਬਣਿਆ ਹੋਇਆ ਸੀ। ਜਾਣੀਜਾਣ ਪ੍ਰੀਤਮ ਆਪਣੇ ਪਿਆਰੇ ਖਾਲਸੇ ਦਾ ਇਹ ਸਨੇਹ ਭਰਪੂਰ ਖਦਸ਼ਾ ਵੀ ਮਹਿਸੂਸ ਕਰਦੇ ਸਨ। ਸਤਿਗੁਰੂ ਜੀ ਨੇ ਖਾਲਸੇ ਨੂੰ ਹੋਰ ਅੱਠ ਦਿਨ ਅਨੰਦਪੁਰ ਸਾਹਿਬ ਟਿਕਣ ਲਈ ਆਖਿਆ ਅਤੇ ਹੁਕਮ ਮੰਨਣ ਦੇ ਫਲਸਰੂਪ ਜਿੱਤ ਦਾ ਵਿਸ਼ਵਾਸ ਵੀ ਦਿਵਾਇਆ ਪਰ ਅਨੰਦਪੁਰ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ ਅਰੁ ਆਸ ਦੀ ਕਿਰਨ ਵੀ ਕੋਈ ਨਹੀਂ ਸੀ ਦਿਸ ਰਹੀ।



©ANANDPURWAASI
@anandpurwaasi
follow us on /anandpurwaasi



ਇਸ ਬਿਖੜੇ ਸਮੇਂ ਵਿਚ ਕੁਝ ਸਿੱਖ ਐਨੇ ਨਿਢਾਲ ਹੋ ਗਏ ਕਿ ਉਹ ਗੁਰੂ ਸਾਹਿਬ ਨੂੰ ਛੱਡ ਜਾਣ ਬਾਰੇ ਸੋਚਣ ਲੱਗੇ ਪਰ ਅਖੀਰ ਸਿਰਫ 40 ਜਣੇ ਹੀ ਜਾਣ ਲਈ ਤਿਆਰ ਹੋਏ। ਮਹਾਰਾਜ ਦੇ ਹੁਕਮ ਮੁਤਾਬਕ ਉਹਨਾਂ ਨੇ ਬੇਦਾਵਾ ਲਿਖਿਆ ਕਿ ਅੱਜ ਤੋਂ ਅਸੀਂ ਤੁਹਾਡੇ ਸਿੱਖ ਨਹੀਂ ਅਤੇ ਤੁਸੀਂ ਸਾਡੇ ਗੁਰੂ ਨਹੀਂ। ਜਿਕਰਯੋਗ ਹੈ ਕਿ ਇਹ ਸਿੰਘ ਬਾਅਦ ਵਿਚ ਮਾਤਾ ਭਾਗੋ ਜੀ ਦੀ ਪ੍ਰੇਰਨਾ ਨਾਲ ਸਿੱਖੀ ਵਿੱਚ ਵਾਪਸ ਆ ਗਏ ਸਨ ਅਤੇ ਮੁਕਤਸਰ ਵਿਖੇ ਹੋਈ ਜੰਗ ਵਿਚ ਸ਼ਹੀਦ ਹੋਏ ਸਨ। ਸ਼ਹੀਦੀ ਤੋਂ ਪਹਿਲਾਂ ਗੁਰੂ ਸਾਹਿਬ ਨੇ ਉਹ ਬੇਦਾਵਾ ਵੀ ਪਾੜ ਦਿਤਾ ਸੀ ਅਤੇ ਚਾਲੀ ਮੁਕਤਿਆਂ ਦਾ ਖਿਤਾਬ ਬਖਸ਼ਿਆ ਸੀ।



© ANANDPURWAASI

follow us on /anandpurwaasi

ਓਧਰ ਕਿਲ੍ਹਾ ਸਰ ਨਾ ਹੁੰਦਾ ਵੇਖ, ਸਤਿਗੁਰੂ ਜੀ ਅਤੇ ਸਿੰਘਾਂ ਦੇ ਹੌਂਸਲੇ ਬੁਲੰਦ ਤੱਕ ਕੇ, ਪਹਾੜੀ ਰਾਜਿਆਂ ਨੇ ਧਰਮ ਦੀ ਆੜ ਹੇਠ ਗੁਰਦੇਵ ਜੀ ਨੂੰ ਧੋਖਾ ਦੇਣ ਵਾਸਤੇ ਹਿੰਦੂ ਧਰਮ ਦੇ ਚਿੰਨ੍ਹ ਸਾਲਗਰਾਮ, ਜੰਞ ਅਤੇ ਆਟੇ ਦੀ ਗਊ ਬਣਾ ਕੇ ਸਤਿਗੁਰੂ ਜੀ ਦੇ ਸਨਮੁਖ ਭੇਟ ਕੀਤੀ। ਮੁਗਲ ਫੌਜਾਂ ਨੇ ਔਰੰਗਜ਼ੇਬ ਵੱਲੋਂ ਆਪਣੇ ਦਸਤਖਤਾਂ ਹੇਠ ਕੁਰਾਨ ਦੀ ਕਸਮ ਅਤੇ ਇੱਕ ਪੁੱਤਰ ਸਮਾਣੇ ਦੇ ਰਹਿਣ ਵਾਲੇ ਕਾਸਦ ਅਲੀ ਹੁਸੈਨ ਹੱਥੀਂ ਸਤਿਗੁਰੂ ਜੀ ਨੂੰ ਭੇਜਿਆ। ਕਾਸਦ ਅਤੇ ਪ੍ਰੋਹਤ ਨੇ ਇਹਨਾਂ ਧਾਰਮਿਕ ਚਿੰਨ੍ਹਾਂ ਦੀ ਸਹੁੰ ਖਾ ਕੇ ਸਬੰਧਿਤ ਧਿਰਾਂ ਵੱਲੋਂ ਯਕੀਨ ਦਿਵਾਉਂਦਿਆਂ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਆਪ ਜੀ ਇੱਕ ਵਾਰੀ ਕਿਲ੍ਹਾ ਖਾਲੀ ਕਰ ਦੇਵੋ; ਇਸ ਤਰ੍ਹਾਂ ਸਾਡੀ ਇੱਜਤ ਰਹਿ ਜਾਵੇਗੀ ਅਤੇ ਜਦੋਂ ਆਪ ਜੀ ਕਿਲ੍ਹਾ ਖਾਲੀ ਕਰ ਕੇ ਜਾਵੋਗੇ ਤੁਹਾਡੀ ਵਾਅ ਵੱਲ ਕੋਈ ਵੀ ਨਹੀਂ ਤੱਕੇਗਾ। ਕੁੱਝ ਸਮੇਂ ਬਾਅਦ ਜਦੋਂ ਮਰਜ਼ੀ ਆਪ ਜੀ ਮੁੜ ਵਾਪਿਸ ਇੱਥੇ ਆ ਜਾਣਾ।

ਕਈ ਮਹੀਨੇ ਥੀਓ ਜੰਗ। ਜਬ ਨਹ ਪਿਖਯੋ ਫਤੇ ਕਾ ਢੰਗ।
ਤਬ ਨਿਰਪਨ ਤੁਰਕੀ ਸਰਦਾਰਨ। ਪਠੇ ਪੈਗਾਮ ਗੁਰੁ ਢਿਗ ਸਾਰਨ।
ਕਸਮਾਂ ਨਿਜ ਨਿਜ ਇਸਟ ਉਠਾਈ। ਏਸ ਸ਼ਰਤ ਪਰ ਲਿਖਤਾਂ ਪਾਈ।
ਏਕਵਾਰ ਗੁਰ ਪੁਰ ਤਜ ਜਾਵੇ। ਲਾਜ ਹਮਾਰੀ ਤਬ ਰਹਿ ਆਵੇ।
ਜਾਨ ਮਾਲ ਲੈ ਜਾਹੁ ਸਲਾਮਤ। ਹਮ ਨ ਕਰੈਂ ਤੁਮਰੀ ਕਛੁ ਖਿਆਨਤ।

(ਪੰਥ ਪ੍ਰਕਾਸ਼, ਗਿ: ਗਿਆਨ ਸਿੰਘ)



©ANANDPURWAASI
@anandpurwaasi
follow us on /anandpurwaasi

ਇਥੇ ਇਹ ਗੱਲ ਵਿਸ਼ੇਸ਼ ਧਿਆਨਯੋਗ ਹੈ ਕਿ ਕੁਰਾਨ ਦੇ ਨਾਲ ਔਰੰਗਜ਼ੇਬ ਨੇ ਆਪਣੇ ਦਸਤਖਤਾਂ ਵਾਲਾ ਇੱਕ ਪੱਤਰ ਜੋ ਸਤਿਗੁਰੂ ਜੀ ਨੂੰ ਭੇਜਿਆ ਗਿਆ ਉਸ ਵਿੱਚ ਧਰਮ ਦੀ ਸਹੁੰ ਖਾਂਦਿਆਂ ਉਸ ਨੇ ਲਿਖਿਆ ਸੀ ਕਿ ਗੁਰਦੇਵ ਜੀ ! ਪਿੱਛ ਜੋ ਬਾਂਝ ਗਿਆ ਉਸ ਸਭ ਕੁੱਝ ਨੂੰ ਭੁਲਾ ਕੇ ਤੁਸੀਂ ਅਨੰਦਪੁਰ ਦੇ ਕਿਲ੍ਹੇ ਨੂੰ ਛੱਡ, ਮਾਲਵਾ ਦੇਸ਼ ਆ ਜਾਵੇ ਮੈਂ ਆਪ ਜੀ ਦਾ ਇੰਤਜ਼ਾਰ ਕਰਾਂਗਾ ਅਤੇ ਆਪਣੀ ਮਿਲ ਬੈਠ ਸਾਰੇ ਮਸਲੇ ਹੱਲ ਕਰ ਲਵਾਂਗੇ। ਮੇਰੀ ਫੌਜ ਆਪ ਜੀ ਦੇ ਦਲ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਕਰੇਗੀ।ਔਰੰਗਜ਼ੇਬ ਦਾ ਇਹ ਵਾਅਦਾ ਅਤੇ ਉਸ ਵੱਲੋਂ ਭੇਜੀਆਂ ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਪੇਸ਼ਕਸ਼ਾਂ ਮੁਸਲਮਾਨ ਕਾਸਦ (ਕਾਜ਼ੀ) ਨੇ ਜ਼ੁਬਾਨੀ ਵੀ ਸਤਿਗੁਰੂ ਜੀ ਮੂਹਰੇ ਦੁਹਰਾਈਆਂ।ਇਸ ਬਾਖਤ ਦਸਮੇਸ਼ ਪਿਤਾ ਜੀ ਨੇ ਜ਼ਫ਼ਰਨਾਮੇ ਵਿੱਚ ਬੜੇ ਵਿਸਥਾਰ ਨਾਲ ਜ਼ਿਕਰ ਕੀਤਾ ਹੈ ਕਿ :

ਨਵਿਸ਼ਤਾ ਰਸੀਦੋ ਬਿਗਫ਼ਤਹ ਜ਼ਬਾਂ, ਬਬਾਯਦ ਕਿ ਕਾਰੀਂ ਬਹੁਤ ਰਸਾਂ ॥੫੪॥

ਮੈਨੂੰ ਤੇਰਾ ਲਿਖਤੀ ਅਤੇ ਜ਼ੁਬਾਨੀ ਸੁਨੇਹਾ (ਕਾਜ਼ੀ ਰਾਹੀਂ) ਪ੍ਰਾਪਤ ਹੋਇਆ। ਤੈਨੂੰ ਹੁਣ ਚਾਹੀਦਾ ਹੈ ਕਿ ਤੂੰ ਇਸ ਕੰਮ (ਵਾਅਦੇ) ਨੂੰ ਠੀਕ ਤਰੀਕੇ ਨਾਲ ਸਿਰੇ ਚਾੜ੍ਹੇਂ।

ਇਹ ਸੁਨੇਹਾ ਕੀ ਸੀ?" ਜੇਕਰ ਤੁਸੀਂ (ਗੁਰੂ ਸਾਹਿਬ) ਅਨੰਦਪੁਰ ਛੱਡ ਕੇ ਮਾਲਵੇ ਦੇਸ਼ (ਕਾਂਗੜ) ਵਿੱਚ ਤਸ਼ਰੀਫ਼ ਲੈ ਜਾਓ ਤਾਂ ਇਸ ਤੋਂ ਬਾਅਦ ਆਪਣੀ ਮੁਲਾਕਾਤ ਹੋ ਸਕਦੀ ਹੈ। ਤੁਹਾਨੂੰ ਇਸ ਪਾਸੇ ਆਉਣ ਵਿੱਚ ਕੋਈ ਖਤਰਾ ਨਹੀਂ ਹੋਵੇਗਾ, ਕਿਉਂਕਿ ਇਸ ਇਲਾਕੇ ਵਿੱਚ ਵਸਦੀ ਸਾਰੀ ਬੈਰਾੜ ਕੌਮ ਸਾਡੇ ਅਧੀਨ ਹੈ।"



©ANANDPURWAASI
@anandpurwaasi
follow us on /anandpurwaasi



©ANANDPURWAASI

ਸਤਿਗੁਰੂ ਪਿਤਾ ਜੀ, ਔਰਗਜ਼ੇਬ ਨੂੰ ਇਸ ਪੁੱਤਰ ਬਾਰੇ ਇੱਥੋਂ ਤੱਕ ਫ਼ੁਰਮਾਂਉਂਦੇ ਹਨ ਕਿ ਜੇਕਰ ਉਪ੍ਰੋਕਤ ਸਾਰਾ ਕੁੱਝ ਜੋ ਤੂੰ ਕਿਹਾ ਹੈ ਇਸਦਾ ਸਬੂਤ ਚਾਹੁੰਦਾ ਹੈਂ ਤਾਂ ਇਹ ਸਾਰਾ ਕਸਮਨਾਮਾ ਜੋ ਤੂੰ ਪਾਕਿ ਕੁਰਾਨ ਦੀ ਜਿਲਦ ਉੱਪਰ ਲਿਖ ਕੇ ਭੇਜਿਆ ਤੈਨੂੰ ਮੈਂ ਵਿਖਾ ਵੀ ਸਕਦਾ ਹਾਂ। ਇਸ ਪ੍ਰਕਾਰ ਕਲਗੀਧਰ ਪਿਤਾ ਜੀ ਦੀ ਆਪਣੀ ਗਵਾਹੀ ਤੋਂ ਸਪਸ਼ਟ ਹੈ ਕਿ ਮੁਗਲਾਂ ਅਤੇ ਪਹਾੜੀਆਂ ਨੇ ਧਰਮ ਦੇ ਨਾਂ ਤੇ ਝੂਠੀਆਂ ਕਸਮਾਂ ਖਾ ਕੇ ਸਤਿਗੁਰੂ ਜੀ ਨੂੰ ਅਨੰਦਪੁਰ ਸਾਹਿਬ ਤਿਆਗਣ ਲਈ ਬੇਨਤੀਆਂ ਕੀਤੀਆਂ।

5

follow us on /anandpurwaasi



ਗੁਰੂ ਸਾਹਿਬ ਨੂੰ ਪਤਾ ਸੀ ਕਿ ਬਾਹਰ ਖੜ੍ਹੇ ਜੋ ਕਸਮਾਂ ਖਾ ਰਹੇ ਹਨ ਇਹ ਬੇਗੈਰਤ ਹਨ ਪਰ ਸੰਗਤ ਕਹਿ ਰਹੀ ਸੀ ਕਿ ਮਹਾਰਾਜ ਆਪਾਂ ਨੂੰ ਕਿਲ੍ਹਾ ਖਾਲੀ ਕਰਨਾ ਚਾਹੀਦਾ ਹੈ, ਇਸ ਤੋਂ ਗੁਰੂ ਜੀ ਨੇ ਇਹਨਾਂ ਦਾ ਪਾਜ ਉਘਾੜਨ ਲਈ ਗੱਡਿਆਂ, ਰੱਥਾਂ ਉੱਪਰ ਟੁੱਟਾ ਭੱਜਾ ਸਾਜੋ-ਸਮਾਨ, ਰੋੜੇ-ਪੱਥਰ, ਹੱਡ ਤੇ ਹੋਰ ਕੂੜਾ ਕਰਕਟ ਲਦਵਾ ਕੇ ਉੱਪਰ ਕੀਮਤੀ ਦੁਸ਼ਾਲੇ ਪਾ ਕੇ ਇਨ੍ਹਾਂ ਨੂੰ ਢੱਕ ਦਿੱਤਾ ਅਤੇ ਇਹ ਅਫਵਾਹ ਉਡਵਾ ਦਿੱਤੀ ਕਿ ਗੁਰੂ ਘਰ ਦਾ ਖਜ਼ਾਨਾ ਰਾਤ ਨੂੰ ਨਿੱਕਲੇਗਾ।



©ANANDPURWAASI
©anandpurwaasi
follow us on /anandpurwaasi




ਜਦ ਇਹ ਕੂੜੇ-ਕਰਕੱਟ ਨਾਲ ਭਰੇ ਗੱਡੇ ਅਨੰਦਗੜ੍ਹ ਸਾਹਿਬ ਤੋਂ ਨਿੱਕਲੇ ਤਾਂ ਪਹਾੜੀਆਂ ਅਤੇ ਮੁਗਲਾਂ ਨੇ ਲੁੱਟ ਮਚਾ ਦਿੱਤੀ ਅਤੇ ਲੁੱਟ ਦਾ ਇਹ ਮਾਲ-ਅਸਬਾਬ ਆਪਣੇ ਟਿਕਾਣਿਆਂ ਤੇ ਲੈ ਗਏ। ਜਦੋਂ ਦੁਸ਼ਾਲੇ ਲਾਹ ਕੇ ਵੇਖਿਆ ਤਾਂ ਹੇਠੋਂ ਗੰਦ-ਮੰਦ ਨਿੱਕਲਿਆ ਤੱਕ, ਆਪਣੀ ਕਰਤੂਤ ਤੇ ਸ਼ਰਮਿੰਦਾ ਹੋਏ। ਇਸ ਘਟਨਾ ਨੇ ਇਹਨਾਂ ਨੀਚਾਂ ਦੀ ਮਨਸ਼ਾ ਜ਼ਾਹਿਰ ਤਾਂ ਕਰ ਦਿੱਤੀ ਪਰ ਦੁੱਖ-ਭੁੱਖ ਪਿਆਸ ਅਨੰਦਪੁਰ ਵਾਸੀਆਂ ਨੂੰ ਧਰਵਾਸ ਨਹੀਂ ਸੀ ਬੱਝਣ ਦਿੰਦੀ। ਖ਼ਾਲਸਾ ਜੀ! ਪੜ੍ਹਨ ਸੁਣਨ ਦੀ ਗੱਲ ਹੋਰ ਹੈ ਪਰ ਜਦੋਂ ਭੁੱਖ ਪਿਆਸ ਪਿੰਡੇ ਹੰਢਾਉਣੀ ਪਵੇ ਤਾਂ ਬਹੁਤ ਔਖਾ ਹੈ।

ਬਾਕੀ ਅਗਲੇ ਅੰਕ ਵਿਚ.......



follow us on /anandpurwaasi



6 ਪੋਹ
@anandpurwaasi
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਸਤਿਗੁਰੂ ਜੀ ਦਾ ਅਨੰਦਪੁਰ ਸਾਹਿਬ ਨੂੰ ਛੱਡਣਾ, ਸਰਸਾ ਨਦੀ ਦਾ ਜੰਗ ਅਤੇ ਪਰਿਵਾਰ ਵਿਛੋੜਾ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

ਕਹਿਣਾ, ਲਿਖਣਾ ਜਾਂ ਪੜ੍ਹਨਾ ਭਾਵੇਂ ਸੌਖਾ ਹੈ ਪਰ ਜੇਕਰ ਅਨੰਦਪੁਰ ਸਾਹਿਬ ਉੱਪਰ ਆਈ ਬਿਪਤਾ ਦਾ ਅਹਿਸਾਸ ਆਪਣੇ ਹਿਰਦਿਆਂ ਵਿੱਚ ਕਰੀਏ ਮਨੁੱਖ ਧੁਰ ਅੰਦਰ ਤੱਕ ਕੰਬ ਉੱਠਦਾ ਹੈ। ਛੇ ਮਹੀਨੇ ਤੋਂ ਉੱਪਰ ਦਾ ਘੇਰਾ, ਕਿਸੇ ਬਾਹਰੀ ਇਮਦਾਦ ਦੀ ਆਸ ਹੀ ਕੋਈ ਨਹੀਂ। ਦਾਣਾ-ਪੱਠਾ ਖ਼ਤਮ ਹੋ ਚੁੱਕਾ ਹੈ ਪਾਣੀ ਦਾ ਵਹਾਅ ਵੀ ਦੁਸ਼ਮਣ ਨੇ ਰੋਕ ਦਿੱਤਾ ਹੈ। ਜੀਵਨ ਲਈ ਅਤਿ ਲੋੜੀਂਦਾ ਪਾਣੀ ਲੈਣ ਲਈ ਵੀ ਜੇ ਚਾਰ ਸਿੰਘ ਜਾਂਦੇ ਹਨ ਤਾਂ ਦੋ ਹੀ ਵਾਪਿਸ ਮੁੜਦੇ ਹਨ; ਦੋ ਸ਼ਹੀਦ ਹੋ ਜਾਂਦੇ ਹਨ। ਖ਼ੂਨ ਦਾ ਮੁੱਲ ਤਾਰ ਕੇ ਪਾਣੀ ਦੀਆਂ ਦੋ-ਦੋ ਘੁੱਟਾਂ ਨੂੰ ਜਦ ਇਨਸਾਨ ਤਰਸਣ ਲੱਗ ਪਵੇ ਫਿਰ ਵੀ ਜੇ ਹੌਂਸਲੇ ਚੜ੍ਹਦੀ ਕਲਾ ਵਿੱਚ ਰਹਿਣ ਤਾਂ ਸਿਵਾਏ ਅਕਾਲ ਪੁਰਖ ਅਥਵਾ ਸਤਿਗੁਰੂ ਦੀ ਮਿਹਰਾਮਤ ਦੇ ਹੋਰ ਕੁਝ ਨਹੀਂ ਹੋ ਸਕਦਾ। ਫਾਕਿਆਂ ਦੀ ਅਜਿਹੀ ਦਰਦਨਾਕ ਹਾਲਤ ਵਿੱਚ ਸਿੰਘਾਂ ਦੇ ਅਤੇ ਮਾਤਾ ਜੀ ਦੇ ਜ਼ੋਰ ਪਾਉਣ ਤੇ ਕਲਗੀਧਰ ਪਿਤਾ ਜੀ ਨੇ ਅਨੰਦਪੁਰ ਸਾਹਿਬ ਨੂੰ ਤਿਆਗਣ ਦਾ ਮਨ ਬਣਾ ਲਿਆ ਭਾਵੇਂ ਗੁਰਦੇਵ ਜੀ ਨੇ ਦੁਸ਼ਮਣਾਂ ਦੀਆਂ ਸੌਂਹਾਂ ਬਾਰੇ ਸਭ ਨੂੰ ਸੁਚੇਤ ਕਰ ਦਿੱਤਾ ਸੀ ਕਿ: ਇਹ ਦਗੇਦਾਰ ਹੈਂ ਆਦਿ ਕੇ, ਇਨ ਪਰ ਮਤਿ ਪਤੀਯਾਇ। ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਗੁਰਦੇਵ ਜੀ ਨੇ ਅਨੰਦਪੁਰ ਸਾਹਿਬ ਛੱਡਣ ਦੀ ਤਰਕੀਬ ਸਾਰੇ ਮੁਖੀ ਸਿੰਘਾਂ ਨਾਲ ਸਾਂਝੀ ਕੀਤੀ। ਅਖੀਰ ਫੈਸਲਾ ਹੋਇਆ ਕਿ 6 ਪੋਹ ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਹੋਇਆ।

**6 ਪੋਹ 1761 ਬਿਕਰਮੀ (ਮੁਤਾਬਿਕ 20 ਦਸੰਬਰ 1704 ਈਸਵੀ) ਦੀ ਸ਼ਾਮ ਨੂੰ ਦਸ਼ਮੇਸ਼ ਪਿਤਾ ਜੀ ਚੋਣਵੇਂ ਸਿੰਘਾਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਦੀਆਂ ਗਲੀਆਂ ਨੂੰ ਆਖ਼ਰੀ ਅਲਵਿਦਾ ਕਹਿਣ ਨਿਕਲੇ।**

1

follow us on /anandpurwaasi



ਅਨੰਦਪੁਰ ਸਾਹਿਬ ਤੋਂ ਅੰਤਿਮ ਵਿਦਾਇਗੀ ਦੀ ਆਗਿਆ ਪਿਤਾ ਗੁਰਦੇਵ ਜੀ ਦੇ ਅਸਥਾਨ ਤੇ ਸਤਿਗੁਰੂ ਜੀ ਨੇ ਆਪ ਅਰਦਾਸ ਕਰਕੇ ਲਈ। ਅਸਥਾਨਾਂ ਦੀ ਸਾਰ ਸੰਭਾਲ ਲਈ ਭਾਈ ਗੁਰਬਖਸ਼ (ਸਿੰਘ) ਜੀ "ਉਦਾਸੀ" ਨੂੰ ਥਾਪਿਆ। ਬੈਰਾਗ ਮੂਰਤ ਹੋਏ ਭਾਈ ਗੁਰਬਖਸ਼ ਜੀ ਉੱਪਰ ਮਿਹਰਾਮਤਾਂ ਦੀ ਵਰਖਾ ਕਰਦਿਆਂ ਬਚਨ ਕੀਤੇ ਕਿ ਤੇਰੇ ਅੰਗ ਸੰਗ ਅਸੀਂ ਸਦਾ ਹੋਵਾਂਗੇ। ਤੂੰ "ਪਿਤਾ ਜੀ" ਦੇ ਇਸ ਅਸਥਾਨ ਦੀ ਸਾਰ ਸੰਭਾਲ ਕਰਨੀ ਹੈ ਅਤੇ ਦੀਵਾ-ਬੱਤੀ ਵੱਲ ਵਿਸ਼ੇਸ਼ ਧਿਆਨ ਦੇਣਾ ਹੈ ਕਿਉਂਕਿ ਜਗਦੇ ਦੀਵੇ ਵਸਦੇ-ਰਸਦੇ ਘਰਾਂ ਦੀ ਨਿਸ਼ਾਨੀ ਹੁੰਦੇ ਹਨ। ਇੱਧਰ ਪੰਜ ਪਿਆਰੇ, ਸਾਹਿਬਜ਼ਾਦੇ ਅਤੇ ਯੋਧੇ ਗੁਰਸਿੱਖ ਸ਼ਸ਼ਤ੍ਰਬੱਧ ਸਤਿਗੁਰੂ ਜੀ ਦੀ ਉਡੀਕ ਵਿੱਚ ਸਨ ਤਾਂ ਜੋ ਗੁਰਦੇਵ ਜੀ ਦੀ ਆਗਿਆ ਪਾ ਕੇ ਸ੍ਰੀ ਅਨੰਦਪੁਰ ਤੋਂ ਅੰਤਿਮ ਚਾਲੇ ਪਾਏ ਜਾਣ। ਗੁਰਦੇਵ ਪਿਤਾ ਜੀ ਰਵਾਂ-ਰਵੀਂ ਅਨੰਦਗੜ੍ਹ ਸਾਹਿਬ ਪੁੱਜੇ। ਇਸ ਸਮੇਂ ਤੱਕ ਸਿੰਘਾਂ ਨੇ ਬੰਦੂਕਾਂ, ਤੀਰਾਂ, ਤੇਗਾਂ, ਬਰਛੀਆਂ ਆਦਿਕ ਹਥਿਆਰ ਵੱਧ ਤੋਂ ਵੱਧ ਆਪਣੇ ਨਾਲ ਲੈ ਲਏ ਅਤੇ ਸਾਰਾ ਜਥਾ ਚਾਲੇ ਪਾਉਣ ਲਈ ਤਿਆਰ ਖੜ੍ਹਾ ਸੀ। ਸਤਿਗੁਰੂ ਜੀ ਨੇ ਸਾਰੇ ਜਥੇ ਨੂੰ ਤਰਤੀਬ ਦਿੱਤੀ। ਕੁੱਝ ਮੁਖੀ ਸਿਰਲੱਥ ਯੋਧਿਆਂ ਦੇ ਪਹਿਰੇ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸਪੁਰਦਗੀ ਕਰਕੇ ਕੀਰਤਪੁਰ ਸਾਹਿਬ ਵੱਲ ਤੋਰਿਆ।



follow us on /anandpurwaasi




ਰਾਤ ਦਾ ਸਮਾਂ ਸੀ, ਦੁਸ਼ਮਣ ਜਾਗ ਰਿਹਾ ਸੀ ਪਰ ਹਮਲਾ ਕਰਨ ਲਈ ਅਜੇ ਸ਼ਸ਼ੋਪੰਜ ਵਿੱਚ ਸੀ ਕਿਉਂਕਿ ਸੰਘਣੇ ਹਨੇਰੇ ਕਾਰਨ ਅਤੇ ਸਤਿਗੁਰੂ ਜੀ ਦੀ ਜੰਗੀ ਵਿਉਂਤਬੰਦੀ ਸਦਕਾ ਗੁਰਦੇਵ ਜੀ ਦੇ ਇਸ ਵਹੀਰ ਵਿੱਚ ਕਿੱਥੇ ਹੋਣ ਬਾਰੇ ਅਜੇ ਦੁਸ਼ਮਣ ਨੂੰ ਕੋਈ ਸਪਸ਼ਟਤਾ ਨਹੀਂ ਸੀ ।ਗੁਰਦੇਵ ਜੀ ਦੇ ਪਿਆਰਿਆਂ ਦਾ ਇਹ ਧਰਮੀ ਦਲ ਇਹਨਾਂ ਦੁਸ਼ਮਣਾਂ ਦੀ ਮਾਰ ਤੋਂ ਅਜੇ ਥੋੜ੍ਹੀ ਹੀ ਦੂਰ ਪੁੱਜਾ ਸੀ ਕਿ ਬੇ- ਇਮਾਨਿਆਂ, ਅਧਰਮੀ ਪਹਾੜੀਆਂ ਅਤੇ ਮੁਗਲਾਂ ਨੇ ਧਰਮ ਦੇ ਨਾਂ ਤੇ ਕੀਤੇ ਸਾਰੇ ਕੌਲ-ਇਕਰਾਰ ਭੁਲਾ ਕੇ, ਵਾਅਦੇ ਕਸਮਾਂ ਤੋੜ ਕੇ ਯਾ-ਅਲੀ ਯਾ-ਅਲੀ ਦੇ ਨਾਹਰੇ ਮਾਰਦਿਆਂ ਪਿੱਛੋਂ ਤੋਪਾਂ ਦੇ ਗੋਲੇ ਦਾਗਦੇ ਹੋਏ ਹਮਲਾ ਕਰ ਦਿੱਤਾ। ਕੀਰਤਪੁਰ ਲੰਘ ਕੇ ਨਿਰਮੋਹਗੜ੍ਹ ਨੇੜੇ ਪੁੱਜਣ ਤੱਕ ਵੈਰੀ ਦੀਆਂ ਫੌਜਾਂ ਨਜ਼ਦੀਕ ਪੁੱਜ ਗਈਆਂ। ਬਾਬਾ ਅਜੀਤ ਸਿੰਘ ਜੀ ਨੇ ਬਹਾਦਰ ਸਿੰਘਾਂ ਨਾਲ ਪੈਰ ਗੱਡ ਲਏ ਅਤੇ ਦੁਸ਼ਮਣ ਨੂੰ ਚਟਾਨ ਬਣ ਕੇ ਰੋਕ ਲਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਅਗਵਾਈ ਵਿੱਚ ਸਿੰਘਾਂ ਨੇ ਅਤਿ ਬਹਾਦਰੀ ਨਾਲ ਅਧਰਮੀ ਵੈਰੀਆਂ ਦਾ ਮੁਕਾਬਲਾ ਕੀਤਾ।



follow us on /anandpurwaasi



# ਭਾਈ ਉਦੈ ਸਿੰਘ ਜੀ ਦੀ ਸ਼ਹੀਦੀ

ਜਦ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਵੈਰੀ ਨੇ ਵਿਸਾਹਘਾਤ ਕਰਕੇ ਹਮਲਾ ਕਰ ਦਿੱਤਾ ਹੈ ਤਦੋਂ ਆਪ ਜੀ ਨੇ ਭਾਈ ਉਦੈ ਸਿੰਘ ਨੂੰ ਆਪਣੀਆਂ ਬਖਸ਼ਿਸ਼ਾਂ ਕਰਕੇ ਹੁਕਮ ਕੀਤਾ ਕਿ ਵੈਰੀਆਂ ਨਾਲ ਮੁਕਾਬਲਾ ਕਰ ਰਹੇ ਸਿੰਘਾਂ ਨੂੰ ਉਸ ਘੇਰੇ ਵਿੱਚੋਂ ਕੱਢ ਕੇ ਲੈ ਆਵੇ। ਸਤਿਗੁਰਾਂ ਦਾ ਹੁਕਮ ਪਾ, ਭਾਈ ਉਦੈ ਸਿੰਘ ਨੇ ਉਥੇ ਪੁੱਜ ਕੇ ਤੀਰਾਂ ਦੀ ਅਜਿਹੀ ਮਾਰ ਮਾਰੀ ਕਿ ਦੁਸ਼ਮਣ ਦੇ ਪੈਰ ਉਖੇੜ ਦਿੱਤੇ। ਆਪ "ਸ਼ਾਹੀ ਟਿੱਬੀ" ਜਿਸ ਨੂੰ ਸਿਆਹੀ ਟਿੱਬੀ ਵੀ ਕਿਹਾ ਜਾਂਦਾ ਸੀ, ਦੇ ਅਸਥਾਨ ਤੇ ਵੈਰੀ ਮੂਹਰੇ ਪਰਬਤ ਬਣ ਅੜ ਗਏ। ਇਸ ਬਹਾਦਰ ਸੂਰਮੇ ਨੂੰ ਮੁਗਲਾਂ ਅਤੇ ਪਹਾੜੀਆਂ ਦਾ ਭਾਰੀ ਦਲ ਹਿਲਾ ਨਾ ਸਕਿਆ। ਦੁਸ਼ਮਣ ਨੇ ਆਪਣਾ ਹੱਲਾ ਜਾਰੀ ਰੱਖਿਆ ਪਰ ਸਤਿਗੁਰੂ ਜੀ ਦਾ ਉਹ ਬਹਾਦਰ ਸੂਰਮਾ ਆਪਣੇ 50 ਸਾਥੀ ਸਿੰਘਾਂ ਨਾਲ ਤਕਰੀਬਨ ਪੰਜ ਘੰਟੇ ਦਾ ਸਮਾਂ ਦੁਸ਼ਮਣ ਨਾਲ ਜੂਝਦਾ ਰਿਹਾ ਅੰਤ ਸ਼ਹੀਦੀ ਜਾਮ ਪੀ ਕੇ ਸਦਾ ਲਈ ਅਮਰ ਹੋ ਗਿਆ।



follow us on /anandpurwaasi




ਮੁਗਲਈ ਤੇ ਪਹਾੜੀ ਫੌਜ ਨੇ ਜਦ ਭਾਈ ਉਦੈ ਸਿੰਘ ਸ਼ਹੀਦ ਹੋਇਆ ਤੱਕਿਆ ਉਹ ਬੜੇ ਖੁਸ਼ ਹੋਏ ਕਿਉਂਕਿ ਭਾਈ ਸਾਹਿਬ ਦਾ ਮੁਹਾਂਦਰਾ ਗੁਰਦੇਵ ਜੀ ਨਾਲ ਰਲਦਾ ਸੀ। ਜਿਸ ਕਰਕੇ ਉਹ ਸਮਝਣ ਲੱਗੇ ਕਿ ਅਸਾਂ ਕਲਗੀਧਰ ਜੀ ਨੂੰ ਮਾਰ ਲਿਆ ਹੈ ।ਸ਼ਹੀਦ ਹੋਏ ਭਾਈ ਉਦੈ ਸਿੰਘ ਦਾ ਸਿਰ ਵੱਢ ਕੇ ਵਜ਼ੀਰ ਖਾਂ ਪਾਸ ਲੈ ਗਏ। **ਇਹ ਉਹੋ ਭਾਈ ਉਦੈ ਸਿੰਘ ਜੀ ਸਨ ਜਿਹਨਾਂ ਨੇ ਅਨੰਦਪੁਰ ਸਾਹਿਬ ਦੀ ਜੰਗ ਵਿੱਚ ਰਾਜਾ ਕੇਸਰੀ ਚੰਦ ਜਸਵਾਲੀਏ ਦਾ ਸਿਰ ਵੱਢ, ਨੇਜੇ ਵਿੱਚ ਪਰੋ ਦਸ਼ਮੇਸ਼ ਪਿਤਾ ਜੀ ਦੇ ਸਨਮੁੱਖ ਆ ਹਾਜ਼ਰ ਕੀਤਾ ਸੀ।** ਇਸ ਬਹਾਦਰ ਯੋਧੇ ਨੇ ਇੱਕ ਵਾਰ ਸ਼ੇਰ ਮਾਰ ਕੇ ਉਸ ਦੀ ਖੱਲ ਲਾਹ ਕੇ ਵੀ ਕਲਗੀਧਰ ਪਾਤਸ਼ਾਹ ਦੇ ਪੇਸ਼ ਕੀਤੀ ਸੀ। **ਇਹ ਬਹਾਦਰ ਭਾਈ ਉਦੈ ਸਿੰਘ ਜੀ, ਬੰਦ-ਬੰਦ ਕਟਵਾ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਸਨ** ਜਿਨ੍ਹਾਂ ਦੇ ਖਾਨਦਾਨ ਨੇ ਖਾਲਸਾ ਪੰਥ ਦੀ ਆਨ-ਸ਼ਾਨ ਲਈ ਆਪਣੇ ਪ੍ਰਵਾਰ ਦੇ 56 ਸ਼ਹੀਦਾਂ ਦਾ ਖੂਨ ਗੁਰਸਿੱਖੀ ਮਹਿਲ ਦੀਆਂ ਨੀਹਾਂ ਵਿੱਚ ਪਾਇਆ।



follow us on /anandpurwaasi



ਇਸ ਸਮੇਂ ਤੱਕ ਗੁਰਦੇਵ ਜੀ ਸਰਸਾ ਨਦੀ ਦੇ ਕੰਢੇ ਪੁੱਜ ਚੁੱਕੇ ਸਨ। ਉੱਧਰ ਸਰਸਾ ਵੀ ਛੂਕਾਂ ਮਾਰਦੀ ਪੂਰੇ ਜੋਬਨ ਤੇ ਚੜ੍ਹੀ ਹੋਈ ਸੀ। ਜਿਸ ਕਾਰਨ ਨਦੀ ਨੂੰ ਪਾਰ ਕਰਨਾ ਅਸੰਭਵ ਬਣ ਗਿਆ।ਰਾਤ ਅੱਧਿਉਂ ਜ਼ਿਆਦਾ ਬਤੀਤ ਹੋ ਚੁੱਕੀ ਸੀ। ਗੁਰਦੇਵ ਪਾਤਸ਼ਾਹ ਜੀ ਨੇ ਆਪਣਾ ਘੋੜਾ ਰੋਕ ਕੇ ਭਾਈ ਦਇਆ ਸਿੰਘ ਜੀ ਨੂੰ ਫੁਰਮਾਇਆ ਕਿ ਭਾਈ ਦਇਆ ਸਿੰਘ ! ਲੱਗਦਾ ਅੰਮ੍ਰਿਤ ਵੇਲਾ ਹੋ ਗਿਆ। ਭਾਈ ਸਾਹਿਬ ਨੇ ਬੜੇ ਅਦਬ ਵਿੱਚ ਜੁਆਬ ਦਿੱਤਾ, ਜੀ ਪਾਤਸ਼ਾਹ ! ਅੰਮ੍ਰਿਤ ਵੇਲਾ ਹੋ ਗਿਆ ਹੈ। ਸਤਿਗੁਰੂ ਕਹਿਣ ਲੱਗੇ ਕਿ ਇਸ ਵਕਤ ਤਾਂ ਅਨੰਦਪੁਰ ਸਾਹਿਬ ਵਿੱਚ ਆਪਾਂ ਪਰਮੇਸ਼ੁਰ ਨਾਲ ਆਪਣੀ ਸੁਰਤ ਇੱਕ ਮਿਕ ਕਰਿਆ ਕਰਦੇ ਸਾਂ। ਸੋ ਦਇਆ ਸਿੰਘ ਜੀ! ਆਓ ਪਰਮੇਸ਼ਰ ਦੀ ਇਬਾਦਤ ਵਿੱਚ ਜੁੜੀਏ, ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਅਸੀਂ ਖੁਦ ਭਰਾਂਗੇ। ਐਨੇ ਬਿਖੜੇ ਸਮੇਂ ਵਿਚ ਗੁਰੂ ਮਹਾਰਾਜ ਨੇ ਅੰਮ੍ਰਿਤ ਵੇਲੇ ਦੀ ਮਹਾਨਤਾ ਦਰਸਾਉਣ ਲਈ ਖੁਦ ਕੀਰਤਨ ਕੀਤਾ।

6

follow us on /anandpurwaasi

ਦੁਸ਼ਮਣ ਦਾ ਹੱਲਾ ਪਿੱਛਿਓਂ ਦੁਬਾਰਾ ਹੋਣ ਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਭਾਈ ਜੀਵਨ ਸਿੰਘ ਜੀ ਰੰਘਰੇਟੇ ਨੇ ਫਿਰ ਰਣ ਮੰਡ ਲਿਆ ਅਰ ਦੁਸ਼ਮਣ ਮੂਹਰੇ ਅਡੋਲ ਫੌਲਾਦੀ ਚੱਟਾਨ ਬਣ ਖੜੇ। ਇਸੇ ਅਸਥਾਨ ਤੇ ਮਰਿਯਾਦਾ-ਪ੍ਰਸ਼ੋਤਮ, ਨੇਮ ਦੇ ਬੱਧੇ ਸਤਿਗੁਰ ਜੀ ਨੇ ਆਸਾ ਦੀ ਵਾਰ ਖੁਦ ਗਾਈ ਅਤੇ ਪਰਮੇਸ਼ਰ ਜੀ ਦੇ ਸ਼ੁਕਰਾਨੇ ਵਿੱਚ ਸਮਾਂ ਸਫ਼ਲਾ ਕੀਤਾ। ਦੁਨੀਆਂ ਦੀ ਕੋਈ ਰਹਿਬਰ ਹਸਤੀ ਅਜਿਹੀ ਨਹੀਂ ਹੋਈ; ਇਹ ਕੇਵਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਅਜਿਹੇ ਰਹਿਬਰ ਹਨ ਜਿਨ੍ਹਾਂ ਨੂੰ ਪਰਮੇਸ਼ਰ ਦੀ ਇਬਾਦਤ ਵਿੱਚ ਜੁੜਿਆਂ ਹੋਇਆਂ ਨੂੰ ਵੀ ਦੁਸ਼ਮਣਾਂ ਦੇ ਹਮਲੇ ਦਾ ਟਾਕਰਾ ਕਰਨਾ ਪਿਆ। ਸਿੰਘਾਂ ਨੇ ਵੀ ਨਿਰੰਕਾਰ ਦੀ ਇਬਾਦਤ ਵਿੱਚ ਜੁੜੇ ਕਲਗੀਆਂ ਵਾਲੇ ਦੇ ਗਿਰਦ ਆਪਣੀਆਂ ਬਹਾਦਰ ਜਾਨਾਂ ਦਾ ਕੋਟ ਉਸਾਰ ਕੇ ਦੁਸ਼ਮਣ ਦਾ ਮੂੰਹ ਤੋੜਵਾਂ ਜੁਆਬ ਦਿੱਤਾ। ਦਸ਼ਮੇਸ਼ ਜੀ ਨੇ ਆਸਾ ਦੀ ਵਾਰ ਦਾ ਭੋਗ ਪਾ ਅਰਦਾਸ ਕੀਤੀ। ਪਰਮੇਸ਼ਰ ਦੀ ਇਸ ਅਨੋਖੀ ਇਬਾਦਤ ਤੋਂ ਸੁਰਖਰੂ ਹੋ ਕੇ ਗੁਰਦੇਵ ਪਿਤਾ ਜੀ ਨੇ ਜਦ ਨੇਤਰ ਖੋਲ੍ਹੇ ਤਦ ਇੱਧਰ ਇੰਨੇਂ ਸਮੇਂ ਤੱਕ ਦੁਸ਼ਮਣ ਨਾਲ ਲੋਹਾ ਲੈਂਦੇ ਅਤੇ ਬਹਾਦਰੀ ਦੇ ਜੌਹਰ ਦਿਖਾਉਂਦੇ ਬਾਬਾ ਅਜੀਤ ਸਿੰਘ ਜੀ ਵੀ ਸਤਿਗੁਰਾਂ ਪਾਸ ਬਚਦੇ ਸਿੰਘਾਂ ਨਾਲ ਪੁੱਜ ਗਏ। ਸਾਰਾ ਹਾਲ ਦੱਸਿਆ ਕਿ ਮੁਗਲ ਤੇ ਪਹਾੜੀਏ ਦੀਨ ਈਮਾਨ ਭੁੱਲ ਚੁੱਕੇ ਹਨ ਉਹਨਾਂ ਨੇ ਹਮਲਾ ਕਰ ਦਿੱਤਾ ਹੈ ਸੋ ਜਿਤਨੀ ਜਲਦੀ ਹੋ ਸਕੇ ਸਰਸਾ ਪਾਰ ਕਰ ਲੈਣੀ ਚਾਹੀਦੀ ਹੈ ਭਾਵੇਂ ਨਦੀ ਆਪਣੇ ਪੂਰੇ ਜੋਬਨ ਤੇ ਵਹਿ ਰਹੀ ਸੀ ਉਸ ਨੂੰ ਪਾਰ ਕਰਨਾ ਵੀ ਸੰਭਵ ਨਹੀਂ ਸੀ ਪਰ ਇਸ ਤੋਂ ਬਿਨਾਂ ਕੋਈ ਹੋਰ ਚਾਰਾ ਵੀ ਨਹੀਂ ਸੀ।



follow us on /anandpurwaasi



ਹੁਣ ਕਲਗੀਧਰ ਜੀ ਨੇ ਹਥਿਆਰ ਸਜਾ ਲਏ, ਕਲਗੀ ਸੀਸ ਉੱਪਰ ਧਾਰਨ ਕਰਕੇ ਤਬਰ ਭਾਵ ਸਫ਼ਾਜੰਗ (ਲੰਬਾ ਅਤੇ ਬਹੁਤ ਤੇਜ਼ ਗੰਡਾਸਾ) ਧਾਰਨ ਕਰ ਲਿਆ। ਅਪਣੇ ਭੱਥੇ ਨੂੰ ਤੀਰਾਂ ਨਾਲ ਠੋਕ ਕੇ ਭਰਿਆ; ਫਿਰ ਘੋੜਾ ਮੰਗਵਾ ਕੇ ਰਕਾਬ ਤੇ ਪੈਰ ਟਿਕਾ ਲਿਆ। ਇਸ ਤਰ੍ਹਾਂ ਹਰ ਪਾਸੇ ਤੋਂ ਤਿਆਰ-ਬਰ-ਤਿਆਰ ਹੋਕੇ ਇਸ ਮਾਰ ਧਾੜ, ਰੌਲੇ-ਰੱਪੇ ਵਿੱਚ ਹੀ ਅਕਾਲ ਪੁਰਖ ਨੂੰ ਧਿਆ ਗੁਰਦੇਵ ਜੀ ਨੇ ਜੈਕਾਰੇ ਗੂੰਜਾਉਂਦਿਆਂ ਹੋਇਆਂ ਸ਼ੌਂਕਦੀ ਸਰਸਾ ਵਿੱਚ ਆਪਣਾ ਘੋੜਾ ਠੇਲ੍ਹ ਦਿੱਤਾ।



follow us on /anandpurwaasi



ਇਹ ਜੰਗ ਦੇ ਦੌਰਾਨ 6 ਪੋਹ ਦੀ
ਰਾਤ ਬੀਤ ਗਈ ਸੀ ਅਤੇ 7 ਪੋਹ
ਦਾ ਦਿਨ ਆਣ ਢੁੱਕਾ ਸੀ।

ਬਾਕੀ ਅਗਲੇ ਅੰਕ ਵਿਚ.....



follow us on /anandpurwaasi


7 ਪੋਹ
@anandpurwaasi
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਗੁਰੂ ਜੀ ਦਾ ਪਰਿਵਾਰ ਵਿਛੋੜਾ ਅਤੇ
ਭਾਈ ਜੀਵਨ ਸਿੰਘ ਜੀ ਦੀ ਸ਼ਹੀਦੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi




ਸਤਿਗੁਰੂ ਜੀ ਦੇ ਮਗਰ ਹੀ ਸਿੰਘਾਂ ਦੇ ਇਸ ਵਹੀਰ ਨੇ ਸਰਸਾ ਵਿੱਚ ਆਪਾ ਠੇਲ੍ਹ ਦਿੱਤਾ। ਪਿਛਿਓਂ ਦੁਸ਼ਮਣ ਅਜੇ ਵੀ ਲਲਕਾਰੇ ਮਾਰ ਰਿਹਾ ਸੀ। ਐਸੀ ਭਗਦੜ੍ਹ ਮਚੀ ਸਰਸਾ ਦੇ ਤੇਜ਼ ਵਹਾਅ ਨੇ ਕੀਮਤੀ ਖਜ਼ਾਨਾ, ਬੇਸ਼ਕੀਮਤੀ ਸਾਹਿਤ, ਘੋੜ੍ਹੇ, ਰੱਥ, ਤੋਪਖਾਨਾ, ਬਰੂਦ ਅਤੇ ਸਿੰਘਾਂ ਦੀਆਂ ਜਾਨਾਂ ਆਪਣੇ ਆਪੇ ਵਿੱਚ ਸਮੇਟਣੀਆਂ ਸ਼ੁਰੂ ਕਰ ਲਈਆਂ। ਪਾਣੀ ਦੇ ਵਹਾਅ ਨਾਲ ਲੜਦੇ ਜਿਤਨੇ ਕੁ ਵੀ ਪਾਰ ਹੋ ਸਕਦੇ ਸਨ ਹੋਏ ਪਰ ਗਿਣਤੀ ਬਹੁਤ ਥੋੜ੍ਹੀ ਰਹਿ ਗਈ। ਮਾਲ-ਅਸਬਾਬ ਦੇ ਗੱਡੇ, ਕੀਮਤੀ ਭੇਟਾਂਵਾਂ ਅਤੇ ਕੀਮਤੀ ਸਾਹਿਤ (ਵਿਦਿਆ ਸਾਗਰ ਗ੍ਰੰਥ ਅਤੇ ਹੋਰ ਸਾਹਿਤ ਜਿਸ ਸਾਹਿਤ ਦਾ ਵਜ਼ਨ ਉਸ ਸਮੇਂ ਮੁਤਾਬਕ ਨੌਂ ਮਣ ਸੀ) ਅਤੇ ਅਨੇਕਾਂ ਗੁਰੂ ਦੇ ਪਿਆਰੇ ਇਸ ਸਰਸਾ ਦੀ ਭੇਂਟ ਚੜ੍ਹ ਗਏ। ਇਸ ਹਫੜਾ ਦਫੜੀ ਵਿੱਚ ਕੀ ਤੇ ਕਿੰਕੂ ਹੋਇਆ ਕੁਝ ਪਤਾ ਨਹੀਂ 1

follow us on /anandpurwaasi

## 7 ਪੋਹ



ਇਸ ਹਾਲਤ ਵਿੱਚ ਜਿੱਧਰ ਵੀ ਕਿਸੇ ਦਾ ਮੂੰਹ ਆਇਆ, ਉਹ ਭੱਜ ਤੁਰਿਆ। ਸਭ ਪਾਸੇ ਆਪੋ ਧਾਪੀ ਪੈ ਗਈ। ਸਭ ਤੋਂ ਭਿਆਨਕ ਵਰਤਾਰਾ ਜੋ ਵਰਤਿਆ ਉਹ ਇਹ ਕਿ ਇਸ ਭਗਦੜ੍ਹ ਵਿੱਚ ਗੁਰੂ ਸਾਹਿਬ ਜੀ ਦਾ ਸਾਰਾ ਪਰਿਵਾਰ ਇਸ ਅਸਥਾਨ ਤੋਂ ਵਿੱਛੜ ਗਿਆ। ਸਤਿਗੁਰੂ ਜੀ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਥੋੜ੍ਹੇ ਸਿੰਘ ਸਰਸਾ ਦੇ ਵਹਾਅ ਨਾਲ ਟਾਕਰਾ ਕਰਦੇ ਨਦੀ ਤੋਂ ਪਾਰ ਹੋ ਗਏ ਪਰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੁਰਦੇਵ ਜੀ ਨਾਲੋਂ ਵਿੱਛੜ ਗਏ। ਗੁਰਦੇਵ ਜੀ ਦੇ ਮਹਿਲ; ਭਾਈ ਮਨੀ ਸਿੰਘ ਜੀ, ਭਾਈ ਜਵਾਹਰ ਸਿੰਘ ਜੀ ਆਦਿਕ ਨਾਲ ਕਿਸੇ ਹੋਰ ਪਾਸੇ ਨਿੱਖੜ ਗਏ ਅਤੇ ਕਈ ਪ੍ਰਕਾਰ ਦੀਆਂ ਤਕਲੀਫ਼ਾਂ ਦਾ ਟਾਕਰਾ ਕਰਦੇ ਦਿੱਲੀ ਵੱਲ ਕੂਚ ਕਰ ਗਏ।

2

follow us on /anandpurwaasi




# ਭਾਈ ਜੀਵਨ ਸਿੰਘ ਜੀ ਦੀ ਸ਼ਹੀਦੀ

ਸਤਿਗੁਰੂ ਜੀ ਨੇ, ਸਰਸਾ ਕੰਢੇ ਮੁਗਲੀਆ ਫੌਜ ਨੂੰ ਰੋਕੀ ਰੱਖਣ ਲਈ, ਭਾਈ ਜੀਵਨ ਸਿੰਘ ਜੀ ਦੀ ਅਗਵਾਈ ਵਿੱਚ 100 ਸਿੰਘਾਂ ਦੀ ਜ਼ਿੰਮੇਵਾਰੀ ਲਾਈ ਤਾਂ ਜੋ ਪਿੱਛੋਂ ਆ ਰਹੇ ਦੁਸ਼ਮਣ ਨੂੰ ਠੱਲ੍ਹ ਪਾਈ ਜਾ ਸਕੇ। ਸਰਸਾ ਨਦੀ ਦੇ ਕਿਨਾਰੇ ਹੋਏ ਇਸ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਨੇ ਹੋਰ ਸਿੰਘਾਂ ਸਮੇਤ ਦੁਸ਼ਮਣ ਨਾਲ ਅਤਿ ਬਹਾਦਰੀ ਸਹਿਤ ਲੋਹਾ ਲਿਆ ਅਤੇ ਸ਼ਹਾਦਤ ਪ੍ਰਾਪਤ ਕੀਤੀ। ਇਹ ਭਾਈ ਜੈਤਾ ਜੀ ਹੀ ਸਨ ਜੋ ਨੌਵੇਂ ਪਾਤਸ਼ਾਹ ਦਾ ਪਾਵਨ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਆਏ ਸਨ ਅਤੇ ਬਾਅਦ ਵਿਚ ਅੰਮ੍ਰਿਤ ਛਕ ਕੇ ਭਾਈ ਜੀਵਨ ਸਿੰਘ ਅਖਵਾਏ। 7 ਪੋਹ ਵਾਲੇ ਦਿਨ ਸਰਸਾ ਕੰਢੇ ਦੁਸ਼ਮਣ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਜੀਵਨ ਸਿੰਘ ਜੀ ਦੀ ਪਾਵਨ ਸ਼ਹੀਦੀ ਨੂੰ ਕੋਟਾਨ ਕੋਟ ਪ੍ਰਣਾਮ।

3

follow us on /anandpurwaasi

# 7 ਪੋਹ

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਸਰਸਾ ਨਦੀ ਦੇ ਪਰਲੇ ਕੰਢੇ ਪੁੱਜੇ ਤਾਂ ਉਹਨਾਂ ਨੂੰ ਇਕ ਸੂਹੀਆ ਮਿਲਿਆ ਜਿਸ ਨੇ ਦੱਸਿਆ ਕਿ ਸਰਹੰਦੀ ਅਤੇ ਮਲੇਰਕੋਟਲੀਏ ਵੱਡੀ ਗਿਣਤੀ ਵਿਚ ਚੜ੍ਹਾਈ ਕਰਕੇ ਆ ਰਹੇ ਹਨ ਸੋ ਆਪ ਜੀ ਛੇਤੀ ਨਾਲ ਆਪਣੀ ਸੁਰੱਖਿਆ ਦਾ ਪ੍ਰਬੰਧ ਕਰ ਲਵੋ। ਮੈਂ ਸਰਕਾਰੀ ਨੌਕਰ ਹਾਂ ਮੇਰੀ ਬੇਵਸੀ ਹੈ ਮੈਂ ਇਹ ਸੁਨੇਹਾ ਤੁਰਕ ਸੈਨਾ ਨੂੰ ਦੇਣਾ ਹੈ ਮੇਰੇ ਤੇ ਕਿਰਪਾ ਕਰੋ ਕਿਉਂਕਿ ਮੈਂ ਆਪ ਜੀ ਦੇ ਨਿਸ਼ਾਨੇ ਨੂੰ ਚੰਗੀ ਤਰਾਂ ਸਮਝਦਾ ਹਾਂ। ਗੁਰੂ ਸਾਹਿਬ ਦੀ ਅਸੀਸ ਲੈਕੇ ਸੂਹੀਆ ਅੱਗੇ ਚਲਿਆ ਗਿਆ। ਸੋ ਗੁਰੂ ਸਾਹਿਬ ਰਣਨੀਤੀ ਮੁਤਾਬਕ ਵੱਖੋ ਵੱਖ ਰਸਤਿਆਂ ਰਾਹੀਂ ਸਿੰਘਾਂ ਨੂੰ ਕੋਟਲਾ ਨਿਹੰਗ ਖਾਂ ਪਹੁੰਚਣ ਲਈ ਹੁਕਮ ਕਰਨ ਲੱਗੇ। ਗੁਰੂ ਹੁਕਮ ਪਾ ਕੇ ਸਹਿਬਜ਼ਾਦਾ ਅਜੀਤ ਸਿੰਘ ਜੀ, ਭਾਈ ਬਚਿੱਤਰ ਸਿੰਘ ਅਤੇ 100 ਸਿੰਘਾਂ ਦਾ ਜਥਾ ਰੋਪੜ ਵਾਲੇ ਪਾਸੇ ਰਾਹੀਂ ਆਪਣੀ ਅਗਲੀ ਮੰਜ਼ਿਲ ਵੱਲ ਟੁਰ ਪਿਆ। ਰੋਪੜ ਦੇ ਪਠਾਣਾਂ ਅਤੇ ਮਲਕਪੁਰ ਦੇ ਸੱਯਦਾਂ ਨੂੰ ਗੁਰੂ ਸਾਹਿਬ ਦੇ ਇਸ ਪਾਸੇ ਆਉਣ ਦੀ ਭਿਣਕ ਲੱਗ ਚੁੱਕੀ ਸੀ ਜਿਸ ਕਰਕੇ ਉਹ ਵੀ ਰਸਤਾ ਰੋਕੀ ਖੜ੍ਹੇ ਸਨ। ਸਿੰਘਾਂ ਦੀ "ਮਲਕਪੁਰ ਰੰਘੜਾਂ" ਦੇ ਮੈਦਾਨ ਵਿੱਚ ਇਹਨਾਂ ਰੰਘੜਾਂ ਨਾਲ ਸਖਤ ਮੁੱਠ ਭੇੜ ਹੋਈ ਜਿਸ ਵਿੱਚ ਸਿੰਘ ਦੁਸ਼ਮਣਾਂ ਉੱਪਰ ਭਾਰੂ ਪੈ ਗਏ ਅਤੇ ਇਹਨਾਂ ਨੂੰ ਭਜਾ ਦਿੱਤਾ ਪਰ ਇਸ ਗਹਿਗੱਚ ਮੁੱਠਭੇੜ ਵਿੱਚ ਭਾਈ ਬਚਿੱਤ੍ਰ ਸਿੰਘ ਜੀ ਬਹੁਤ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਬਾਬਾ ਅਜੀਤ ਸਿੰਘ ਜੀ ਬਾਕੀ ਬਚਦੇ ਸਿੰਘਾਂ ਨਾਲ ਜ਼ਖਮੀ ਹੋਏ ਭਾਈ ਬਚਿੱਤ੍ਰ ਸਿੰਘ ਜੀ ਨੂੰ ਨਾਲ ਲੈ ਭਾਈ ਨਿਹੰਗ ਖਾਂ ਦੀ ਹਵੇਲੀ ਸਤਿਗੁਰੂ ਜੀ ਨੂੰ ਆ ਮਿਲੇ ਜਿੱਥੇ ਗੁਰਦੇਵ ਜੀ ਉਹਨਾਂ ਦੀ ਪਹਿਲੋਂ ਹੀ ਉਡੀਕ ਕਰ ਰਹੇ ਸਨ।



@anandpurwaasi
follow us on /anandpurwaasi

# 7 ਪੋਹ

## ਕਲਗੀਧਰ ਜੀ ਕੋਟਲਾ ਨਿਹੰਗ ਖਾਂ ਵਿਖੇ

ਗੁਰੂ ਸਾਹਿਬ ਜੀ ਭੰਗਾਣੀ ਦਾ ਜੰਗ ਜਿੱਤਣ ਉਪਰੰਤ ਪਹਿਲੀ ਵਾਰ ਇਸ ਜਗ੍ਹਾ ਆਏ ਸਨ ਜਿਥੇ ਗੁਰੂ ਸਾਹਿਬ ਦਾ ਘੋੜਾ ਬਲਦੇ ਭੱਠੇ ਉਪਰ ਚੜ੍ਹਿਆ ਸੀ ਅਤੇ ਭੱਠਾ ਸ਼ਾਂਤ ਹੋ ਗਿਆ ਸੀ। ਹੁਣ ਇਹ ਅਸਥਾਨ ਭੱਠਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਦੂਸਰੀ ਵਾਰ ਗੁਰੂ ਜੀ ਨਿਹੰਗ ਖਾਂ ਦੀ ਬੇਨਤੀ ਤੇ ਉਸਦੇ ਲੜਕੇ ਆਲਮ ਖਾਂ ਦੀ ਕੁੜਮਾਈ ਵੇਲੇ ਏਥੇ ਆਏ ਸਨ। ਜਿਕਰਯੋਗ ਹੈ ਕਿ ਰਾਏਕੋਟ ਦਾ ਚੌਧਰੀ ਰਾਏ ਕੱਲਾ ਨਿਹੰਗ ਖਾਂ ਦਾ ਕੁੜਮ ਸੀ ਅਤੇ ਉੱਚ ਦੇ ਪੀਰ ਦੇ ਰੂਪ ਵਿਚ ਗੁਰੂ ਜੀ ਦੀ ਸੇਵਾ ਕਰਨ ਵਾਲੇ ਭਾਈ ਗਨੀ ਖਾਂ ਅਤੇ ਨਬੀ ਖਾਂ ਨਿਹੰਗ ਖਾਂ ਦੀ ਭੂਆ ਉਮਰੀ ਦੇ ਪੁੱਤਰ ਸਨ। ਤੀਸਰੀ ਵਾਰ ਕੁਰਕਸ਼ੇਤਰ ਤੋਂ ਵਾਪਸ ਆਉਂਦੇ ਹੋਏ ਗੁਰੂ ਜੀ ਏਥੇ ਆਏ ਸਨ ਅਤੇ ਚੌਥੀ ਵਾਰ 7 ਪੋਹ 1704 ਨੂੰ ਸਰਸਾ ਨਦੀ ਪਾਰ ਕਰਨ ਆਪਣਾ ਹੱਸਦਾ ਵਸਦਾ ਅਨੰਦਪੁਰ ਛੱਡ ਕੇ ਨਿਹੰਗ ਖਾਂ ਦੇ ਘਰ ਕੋਟਲਾ ਨਿਹੰਗ ਖਾਂ ਪੁੱਜੇ। ਗੁਰੂ ਜੀ 7 ਪੋਹ ਵਾਲੇ ਦਿਨ ਏਥੇ ਹੀ ਰਹੇ। ਜਿਵੇਂ ਅਸੀਂ ਉੱਪਰ ਜਾਣ ਲਿਆ ਹੈ ਕਿ ਭਾਈ ਬਚਿੱਤ੍ਰ ਸਿੰਘ ਜੀ, "ਮਲਕਪੁਰ ਰੰਘੜਾਂ" ਦੇ ਮੈਦਾਨ ਵਿੱਚ ਦੁਸ਼ਮਣ ਨਾਲ ਲੋਹਾ ਲੈਂਦਿਆਂ ਗੰਭੀਰ ਜ਼ਖਮੀ ਹੋ ਗਏ ਸੀ ਅਤੇ ਅਨੇਕਾਂ ਸਿੰਘ ਸ਼ਹਾਦਤ ਦਾ ਜਾਮ ਪੀ ਗਏ ਸਨ। ਸਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਭਾਈ ਮਦਨ ਸਿੰਘ ਜੀ ਆਦਿਕ ਕੁੱਝ ਸਿੰਘਾਂ ਨੇ ਜ਼ਖਮੀ ਹਾਲਤ ਵਿੱਚ ਪਏ ਭਾਈ ਬਚਿੱਤ੍ਰ ਸਿੰਘ ਜੀ ਨੂੰ ਘੋੜੇ ਤੇ ਪਾ ਸਤਿਗੁਰੂ ਜੀ ਪਾਸ ਲੈ ਆਂਦਾ।



@anandpurwaasi
follow us on /anandpurwaasi

# 7 ਪੋਹ

ਸਤਿਗੁਰੂ ਜੀ ਨੇ ਆਪਣੇ ਪਾਸ ਹੀ ਭਾਈ ਬਚਿੱਤ੍ਰ ਸਿੰਘ ਜੀ ਨੂੰ ਇੱਕ ਮੰਜੀ ਤੇ ਲੰਮੇ ਪੁਆ ਲਿਆ ਤੇ ਭਾਈ ਬਚਿੱਤਰ ਸਿੰਘ ਦੇ ਸੀਸ ਤੇ ਹੱਥ ਰੱਖ ਕੇ ਗੁਰਦੇਵ ਜੀ ਨੇ ਅਨੇਕਾਂ ਅਸੀਸਾਂ ਪ੍ਰਦਾਨ ਕੀਤੀਆਂ। ਭਾਈ ਸਾਹਿਬ ਜੀ ਦੀ ਹਾਲਤ ਬਹੁਤ ਜ਼ਿਆਦਾ ਗੰਭੀਰ ਸੀ ਕਿਉਂਕਿ ਵੈਰੀਆਂ ਨੂੰ ਇਸ ਯੋਧੇ ਨੇ ਹਿੱਕ ਡਾਹ ਕੇ ਰੋਕੀ ਰੱਖਿਆ ਸੀ ਅਤੇ ਸਰੀਰ ਉੱਪਰਲੇ ਅਨੇਕਾਂ ਜ਼ਖਮ ਇਸ ਬ੍ਰਿਤਾਂਤ ਦੀ ਕਹਾਣੀ ਮੂੰਹੋਂ ਕਹਿ ਰਹੇ ਸਨ। ਘਰ ਵਿੱਚ ਹੀ ਭਾਈ ਸਾਹਿਬ ਦੇ ਜ਼ਖਮਾਂ ਤੇ ਮਰਹਮ ਪੱਟੀ ਕੀਤੀ ਗਈ। ਸਤਿਗੁਰੂ ਜੀ ਅਤੇ ਸਿੰਘਾਂ ਦੀ ਖਾਤਿਰਦਾਰੀ ਕਰਨ ਵਿੱਚ ਭਾਈ ਨਿਹੰਗ ਖਾਂ ਦੀ ਬੱਚੀ ਬੀਬੀ ਮੁਮਤਾਜ ਸਭ ਤੋਂ ਮੂਹਰੇ ਸੀ। ਘਾਇਲਾਂ ਅਤੇ ਸਾਹਿਬਜ਼ਾਦਿਆਂ ਨੂੰ ਸਤਿਗੁਰੂ ਜੀ ਪਾਸ ਛੱਡ ਕੇ ਪੰਜ ਪਿਆਰੇ; ਇਸ ਇਲਾਕੇ ਦੀ ਅਤੇ ਆਲੇ ਦੁਆਲੇ ਦੇ ਹਾਲਾਤਾਂ ਦੀ ਸੂਹ ਲੈਣ ਲਈ ਦਿਨ ਦੇ ਚੜ੍ਹਾ ਨਾਲ "ਕੋਟਲਾ ਨਿਹੰਗ ਖਾਂ" ਤੋਂ ਬਾਹਰ ਗਏ ਅਤੇ ਇਸ ਹਾਲਾਤ ਵਿੱਚ ਵੀ ਉਨ੍ਹਾਂ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਟੋਲਣ- ਭਾਲਣ ਲਈ ਇੱਕ ਅਸਥਾਨ ਤੇ ਗੁਰਮਤਾ ਕੀਤਾ; ਇੱਥੇ ਅੱਜ ਕੱਲ "ਗੁਰਦੁਆਰਾ ਯਾਦਗਾਰ ਪੰਜ ਪਿਆਰੇ" ਸੁਸ਼ੋਭਿਤ ਹੈ। ਉਹਨਾਂ ਦਾ ਇਹ ਖਿਆਲ ਸੀ ਕਿ ਸਰਸਾ ਨਦੀ ਅਤੇ ਸਤਲੁਜ ਦੇ ਮੰਡ ਵਿਚਕਾਰ ਉੱਚੇ-ਉੱਚੇ ਸਰਕੰਡਿਆਂ ਵਿੱਚ ਹੀ ਕਿਤੇ ਨਾ ਕਿਤੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਫਸੇ ਹੋਏ ਹੋਣਗੇ। ਇਸ ਲਈ ਉਹਨਾਂ ਦੀ ਭਾਲ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਿ ਉਹਨਾਂ ਦਾ ਇਹ ਗੁਰਮਤਾ ਅਮਲੀ ਰੂਪ ਲੈਂਦਾ, ਇੱਕ ਘੋੜ-ਸਵਾਰ ਸਤਿਗੁਰੂ ਜੀ ਦਾ ਹੁਕਮ ਲੈ ਕੇ ਇੱਥੇ ਪੁੱਜ ਗਿਆ ਕਿ ਗੁਰਦੇਵ ਪਾਤਸ਼ਾਹ ਅਗਲੇ ਪੜਾਅ ਲਈ ਤਿਆਰੀ ਕਰ ਚੁੱਕੇ ਹਨ ਸੋ ਜਲਦੀ ਤੋਂ ਜਲਦੀ ਵਾਪਿਸ "ਕੋਟਲਾ ਨਿਹੰਗ ਖਾਂ ਪੁੱਜਿਆ ਜਾਵੇ। ਜਿਸ ਤੋਂ ਸਿੰਘਾਂ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਭਾਲ ਵਾਲਾ ਕਾਰਜ ਵਿੱਚੇ ਹੀ ਛੱਡਣਾ ਪਿਆ।



follow us on /anandpurwaasi

7 ਪੋਹ

# ਗੁਰੂ ਜੀ ਪਿੰਡ ਚਮਕੌਰ ਵਿਚ

ਜਰਨੈਲਾਂ ਦੇ ਮਹਾਨ ਜਰਨੈਲ, ਯੁੱਧ ਨੀਤੀ ਦੇ ਮਹਾਨ ਜਾਣਕਾਰ ਸਤਿਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸਿਰ ਉੱਪਰ ਆਣ ਪੁੱਜਾ ਹੈ ਅਤੇ ਜੇਕਰ ਜੰਗ ਤੱਕ ਨੌਬਤ ਆ ਪੁੱਜੀ ਤਦ ਯੁੱਧ ਕਰਨ ਲਈ ਇਹ ਇਲਾਕਾ ਅਤੇ ਸਥਾਨ ਸਾਜ਼ਗਾਰ ਨਹੀਂ ਹੋਵੇਗਾ ਸੋ ਦਿਨ ਢਲਣ ਤੋਂ ਪਹਿਲਾਂ ਹੀ ਗੁਰਦੇਵ ਜੀ ਨੇ ਸਿੰਘਾਂ ਨੂੰ "ਕੋਟਲਾ ਨਿਹੰਗ ਖਾਂ" ਤੋਂ ਕੂਚ ਕਰਨ ਦਾ ਹੁਕਮ ਦੇ ਦਿੱਤਾ। ਵਿਦਾਇਗੀ ਲੈਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਨਿਹੰਗ ਖਾਂ ਦੇ ਸਾਰੇ ਪਰਿਵਾਰ ਨੂੰ ਆਪਣੇ ਕੋਲ ਸੱਦ ਕੇ ਅਨੇਕਾਂ ਅਸੀਸਾਂ ਦਿੱਤੀਆਂ ਅਤੇ ਆਪਣੀ ਇੱਕ ਕਿਰਪਾਨ, ਢਾਲ ਅਤੇ ਕਟਾਰ ਨਿਸ਼ਾਨੀ ਵਜੋਂ ਉਸ ਨੂੰ ਦਿੱਤੀਆਂ। ਇਹ ਨਿਸ਼ਾਨੀਆਂ ਭੱਠਾ ਸਾਹਿਬ ਅਸਥਾਨ ਤੇ ਸਸ਼ੋਭਿਤ ਹਨ। ਸਤਿਗੁਰੂ ਜੀ ਕੋਟਲਾ ਨਿਹੰਗ ਖਾਂ ਤੋਂ ਚੱਲ ਕੇ ਬੂਰਮਾਜਰੇ ਪੁੱਜੇ। ਖੂਹੀ ਤੇ ਰੁਕ ਕੇ ਜਲ ਛਕਿਆ। ਸਿੰਘਾਂ ਨੂੰ ਆਲੇ ਦੁਆਲੇ ਤੋਂ ਪਤਾ ਲੱਗਾ ਕਿ ਬਹੁਤ ਹੀ ਵੱਡੀ ਗਿਣਤੀ ਵਿਚ ਵੈਰੀ ਦਲ ਗੁਰੂ ਜੀ ਦੀ ਪੈੜ ਦੱਬਦਾ ਪਿੱਛੇ ਆ ਰਿਹਾ ਹੈ। **ਧੰਨ ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਲੀ ਕੁ ਸਿੰਘਾਂ ਸਮੇਤ ਸਹੀ ਸਲਾਮਤ ਚਮਕੌਰ ਪਿੰਡ ਦੀ ਜੂਹ ਵਿਚ ਵੜੇ। ਇਸ ਅਸਥਾਨ ਦੀ ਮਹੱਤਤਾ ਜੰਗ ਲਈ ਵਿਸ਼ੇਸ਼ ਸੀ** 1759 ਬਿ: ਨੂੰ ਕੁਰਕਸ਼ੇਤਰ ਤੋਂ ਵਾਪਿਸ ਆਉਂਦਿਆਂ ਹੋਇਆਂ ਇਸ ਅਸਥਾਨ ਤੇ ਦੋ ਮੁਗਲ ਜਰਨੈਲਾਂ ਅਲਫ ਖਾਂ ਅਤੇ ਸੈਦਾ ਬੇਗ ਦੀ ਅਗਵਾਈ ਵਿੱਚ ਮੁਗਲੀਆ ਫੌਜ ਦੀ ਟੁਕੜੀ ਨਾਲ ਹੋਈ ਵਿਜੇਤਾ ਝੜਪ ਨੇ ਚਮਕੌਰ ਦੀ ਜੰਗੀ ਮਹਤੱਤਾ ਗੁਰਦੇਵ ਜੀ ਦੀ ਸਿਮ੍ਰਤੀ ਵਿੱਚ ਸਥਿਰ ਕੀਤੀ ਹੋਈ ਸੀ।



@anandpurwaasi

follow us on /anandpurwaasi

# 7 ਪੋਹ

ਇਸੇ ਪਿੰਡ ਵਿੱਚ ਦੋ ਰਾਜਪੂਤ ਭਰਾ ਇੱਕ ਦਾ ਨਾਮ ਜਗਤ ਰਾਏ ਦੂਸਰੇ ਦਾ ਨਾਮ ਰੂਪ ਚੰਦ (ਕਈ ਇਤਿਹਾਸਕਾਰਾਂ ਨੇ ਇਸ ਦਾ ਨਾਂ ਬੁੱਧੀ ਚੰਦ ਵੀ ਲਿਖਿਆ ਹੈ) ਸੀ। ਇਨ੍ਹਾਂ ਪਾਸ ਉੱਚੇ ਟਿੱਬੇ ਉੱਪਰ ਇੱਕ ਕਿਲ੍ਹਾ ਨੁਮਾ ਕੱਚੀ ਗੜ੍ਹੀ ਸੀ। ਸਤਿਗੁਰੂ ਜੀ ਨੇ ਪੰਜ ਸਿੰਘ ਇਨ੍ਹਾਂ ਰਾਜਪੂਤਾਂ ਪਾਸ ਗੜ੍ਹੀ ਦਾ ਕਬਜ਼ਾ ਦੇਣ ਲਈ ਭੇਜੇ। ਜਗਤ ਰਾਏ ਨੇ ਕਿਹਾ ਕਿ ਮੈਂ ਆਪਣੀ ਹਵੇਲੀ ਤੁਹਾਨੂੰ ਨਹੀਂ ਦੇ ਸਕਦਾ ਕਿਉਂਕਿ ਮੁਗਲ ਫੌਜਾਂ ਤੁਹਾਡੇ ਪਿੱਛੇ ਆ ਰਹੀਆਂ ਹਨ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਗਤ ਰਾਏ ਨੇ ਗੜ੍ਹੀ ਦਿੱਤੀ ਹੈ ਤਦੋਂ ਉਹ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਜਾਨੋਂ ਮਾਰ ਦੇਣਗੇ।

ਜਿੱਥੇ ਸਤਿਗੁਰੂ ਜੀ ਨੇ ਡੇਰਾ ਲਾਇਆ ਹੋਇਆ ਸੀ, ਜਗਤ ਰਾਏ ਦੇ ਛੋਟੇ ਭਰਾ ਰੂਪ ਚੰਦ ਨੇ ਸਿੰਘਾਂ ਨਾਲ ਆ ਕੇ ਸਾਹਿਬਾਂ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ, ਸਤਿਗੁਰੂ ਜੀ ! ਤੁਸੀਂ ਸਾਡੀ ਸੁਤੰਤਰਤਾ ਵਾਸਤੇ ਆਪਣੇ ਸਾਰੇ ਸੁੱਖ ਅਰਾਮ ਛੱਡ ਕੇ ਸਾਡੀ ਖ਼ਾਤਰ ਇੰਨੇਂ ਜਫ਼ਰ ਜਾਲ ਰਹੇ ਹੋ। ਇਸ ਬਿਖਮ ਸਮੇਂ ਮੈਂ ਹੋਰ ਤਾਂ ਤੁਹਾਡੀ ਕੋਈ ਖਿਦਮਤ ਨਹੀਂ ਕਰ ਸਕਦਾ ਪਰ ਮੇਰੇ ਹਿੱਸੇ ਦੀ ਅੱਧੀ ਹਵੇਲੀ ਤੁਹਾਡੇ ਹਵਾਲੇ ਹੈ। ਤੁਸੀਂ ਕ੍ਰਿਪਾ ਕਰਕੇ ਮੇਰੀ ਅੱਧੀ ਗੜ੍ਹੀ ਵਿੱਚ ਮੋਰਚਾ ਬੰਦੀ ਕਰਕੇ ਦੁਸ਼ਮਣਾਂ ਦਾ ਮੁਕਾਬਲਾ ਕਰੋ। ਗੜ੍ਹੀ ਭਾਵੇਂ ਕੱਚੀ ਹੈ ਆਪ ਜੀ ਦੇ ਅਨੰਦਪੁਰੀ ਕਿਲਿਆਂ ਦੀ ਬਰਾਬਰੀ ਤਾਂ ਨਹੀਂ ਕਰ ਸਕਦੀ ਪਰ ਫਿਰ ਵੀ ਰੜੇ ਮੈਦਾਨ ਲੜਨ ਨਾਲੋਂ ਆਪ ਜੀ ਨੂੰ ਰੱਖਿਆ ਹਿੱਤ ਕਾਫ਼ੀ ਸਹਾਇਕ ਹੋਵੇਗੀ।



@anandpurwaasi

follow us on /anandpurwaasi

7 ਪੋਹ

ਸਤਿਗੁਰੂ ਜੀ ਨੇ ਜਿੱਥੇ ਰੂਪ ਚੰਦ ਨੂੰ ਬੇਅੰਤ ਅਸੀਸਾਂ ਬਖਸ਼ੀਆਂ ਉੱਥੇ ਖੁਸ਼ ਹੋ ਕੇ ਕਾਫ਼ੀ ਸਾਰੀਆਂ ਸੋਨੇ ਦੀਆਂ ਮੋਹਰਾਂ ਦੇ ਕੇ ਉਸ ਨੂੰ ਵਿਦਾ ਕੀਤਾ ਤੇ ਅਸੀਸਾਂ ਨਾਲ ਨਿਵਾਜ਼ਿਆ ਅਤੇ ਸਿਘਾਂ ਨੂੰ ਗੜ੍ਹੀ ਅਦਰ ਦਾਖ਼ਲ ਹੋਣ ਦਾ ਹੁਕਮ ਦਿਤਾ ।ਜਿਸ ਦਾ ਹਵਾਲਾ ਕਵੀ ਸੈਨਾਪਤਿ ਜੀ ਨੇ ਹੇਠ ਲਿਖੇ ਸ਼ਬਦਾਂ ਵਿੱਚ ਦਿੱਤਾ ਹੈ।

ਖ਼ਬਰ ਸੁਨੀ ਜ਼ਿਮੀਦਾਰ ਨੇ ਮਧੁ ਬਸੈ ਚਮਕੌਰ ॥
ਸੁਨਤ ਬਚਨ ਤਤਕਾਲ ਹੀ ਵਹ ਆਯੋ ਉਡਿ ਦੌਰ ॥
ਹਾਥ ਜੋਰ ਐਸੇ ਕਹਯੋ ਬਿਨਤੀ ਸੁਨੋ ਕਰਤਾਰ ॥
ਬਸੈ ਮਧਿ ਚਮਕੌਰ ਕੈ ਆਪਨੀ ਕ੍ਰਿਪਾ ਧਾਰ ॥
ਤਬੈ ਸੂਰ ਸਾਹਿਬ ਭਏ ਛਾਡਿ ਬਾਗ ਕੀ ਠਓਰ ॥
ਸਿੰਘ ਸਾਥ ਸਬ ਹੀ ਲਿਯੇ ਆਇ ਬਸੈ ਚਮਕੌਰ ॥

ਬਾਕੀ ਅਗਲੇ ਅੰਕ ਵਿਚ....



@anandpurwaasi
follow us on /anandpurwaasi



7 ਪੋਹ
@anandpurwaasi
* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਚਮਕੌਰ ਦੀ ਕੱਚੀ ਗੜ੍ਹੀ ਅੰਦਰ ਦਾਖ਼ਲ ਹੋਣਾ
7 ਪੋਹ ਦੀ ਰਾਤ ਦਾ ਦ੍ਰਿਸ਼
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

ਜਦੋਂ ਸਿੰਘਾਂ ਨੇ ਗੜ੍ਹੀ ਵੱਲ ਕੂਚ ਕੀਤਾ, ਜਗਤ ਰਾਏ ਆਪਣੇ ਆਪ ਹੀ ਗੜ੍ਹੀ ਖਾਲੀ ਕਰ ਗਿਆ। ਗੁਰਦੇਵ ਜੀ ਤੇ ਸਾਰੇ ਸਿੰਘ ਹੁਣ ਗੜ੍ਹੀ ਅੰਦਰ ਦਾਖ਼ਲ ਹੋ ਗਏ ਅਤੇ ਗੜ੍ਹੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਦਿੱਤਾ। ਅੰਦਰ ਜਾ ਕੇ ਗੁਰੂ ਸਾਹਿਬ ਸਿੰਘਾਂ ਨੂੰ ਉਪਦੇਸ਼ ਕਰਨ ਲੱਗੇ ਕਿ ਮੇਰੇ ਪਿਆਰਿਓ! ਤੁਹਾਨੂੰ ਅਨੰਦਪੁਰ ਛੱਡਣ ਤੋਂ ਰੋਕਿਆ ਸੀ ਜੇ ਅੱਠ ਦਿਨ ਹੋਰ ਰੁਕ ਜਾਂਦੇ ਤਾਂ ਆਹ ਬਿਖੜੇ ਸਮੇਂ ਨਾ ਆਉਂਦੇ। ਅੱਠ ਦਿਨ ਰੁਕ ਜਾਂਦੇ, ਆਪੇ ਇਨ੍ਹਾਂ ਅਧਰਮੀਆਂ ਨੇ ਘੇਰਾ ਚੁੱਕ ਲੈਣਾ ਸੀ ਪਰ ਕਾਹਲੇ ਸਿੰਘਾਂ ਨੇ ਮਾਤਾ ਜੀ ਤੱਕ ਪੁਹੰਚ ਕਰ ਕੇ ਸਾਨੂੰ ਕਿਲ੍ਹਾ ਛੱਡਣ ਲਈ ਮਜ਼ਬੂਰ ਕੀਤਾ ਅਤੇ ਕਿਹਾ ਕਿ ਤੁਸੀਂ ਹਿੰਦੂਆਂ ਦੀ ਸਾਲਗਰਾਮ ਤੇ ਗਊ ਦੀ ਸੌਂਹ ਅਤੇ ਔਰੰਗਜ਼ੇਬ ਦੇ ਦਸਤਖ਼ਤਾਂ ਵਾਲੀ ਕੁਰਾਨ ਦੀ ਜਾਮਨ ਦੇਣ ਦੀ ਸਹੁੰ ਤੇ ਯਕੀਨ ਕਰ ਕੇ ਅਨੰਦਪੁਰ ਦਾ ਕਿਲ੍ਹਾ ਛੱਡ ਦੇਵੋ। ਤੁਸੀਂ ਅਤੇ ਅਨੰਦਪੁਰ ਵਾਸੀਆਂ ਨੇ ਜ਼ੇਰਾ ਨਾ ਕੀਤਾ ਅਤੇ ਅਧਰਮੀਆਂ ਦੀਆਂ ਕਸਮਾਂ ਉੱਤੇ ਯਕੀਨ ਕਰਨ ਲਈ ਮਜ਼ਬੂਰ ਕੀਤਾ। ਜਿਸ ਦਾ ਸਿੱਟਾ ਤੁਹਾਡੇ ਸਾਮਣੇ ਹੈ ਪਰ ਕਰਤਾਰ ਦਾ ਭਾਣਾ ਜੋ ਹੋਣਾ ਸੀ ਸੋ ਹੋ ਗਿਆ।

ਅੱਜ ਤੋਂ ਮੇਰਾ ਖ਼ਾਲਸਾ ਪੰਥ ਕਦੇ ਵੀ ਇਨ੍ਹਾਂ ਧਰਮ ਹੀਣਾਂ ਦੀ ਸਹੁੰ ਤੇ ਯਕੀਨ ਨਾ ਕਰੇ ਕਿਉਂਕਿ ਹਿੰਦੂ, ਪੱਥਰ ਪੂਜ-ਪੂਜ ਕੇ ਪੱਥਰ ਦਿਲ ਹੋ ਚੁੱਕੇ ਹਨ।ਅਣਖੀ ਬੰਦਾ ਹੀ ਆਪਣੇ ਦਿੱਤੇ ਕੌਲ ਤੇ ਕਾਇਮ ਰਹਿ ਸਕਦਾ ਹੈ ਪਰ ਇਨ੍ਹਾਂ ਦੀ ਤਾਂ ਅਣਖ ਹੀ ਖ਼ਤਮ ਹੋ ਚੁੱਕੀ ਹੈ। ਦੂਸਰੇ ਪਾਸੇ ਜ਼ਾਲਮ ਮੁਸਲਮਾਨ ਜ਼ੋਰ ਜ਼ੁਲਮ ਕਰਨ ਨੂੰ ਪਾਪ ਹੀ ਨਹੀਂ ਸਮਝਦੇ ਸਗੋਂ ਪਰਜਾ ਉੱਪਰ ਜ਼ੋਰ ਜ਼ੁਲਮ ਕਰਨਾ ਸਬਾਵ (ਪੁੰਨ) ਦਾ ਕੰਮ ਸਮਝ ਕੇ ਲੁਕਾਈ ਉੱਪਰ ਅਤਿਆਚਾਰ ਕਰਦੇ ਹਨ। ਮੇਰਾ ਖ਼ਾਲਸਾ ਭਵਿੱਖ ਵਿੱਚ ਨਾ ਤਾਂ ਇਨ੍ਹਾਂ ਦੀਆਂ ਸੌਹਾਂ ਤੇ ਯਕੀਨ ਕਰੇ ਅਤੇ ਨਾ ਹੀ ਕਦੀ ਇਨ੍ਹਾਂ ਦਾ ਆਸਰਾ ਲਵੇ। ਜਦੋਂ-ਜਦੋਂ ਵੀ ਮੇਰਾ ਖ਼ਾਲਸਾ ਇਨ੍ਹਾਂ ਤੇ ਇਤਬਾਰ ਕਰਕੇ ਇਨ੍ਹਾਂ ਦੀ ਓਟ ਤੱਕੇਗਾ ਤਦੋਂ ਹੀ ਧੋਖਾ ਖਾਵੇਗਾ ਅਤੇ ਗਿਰਾਵਟ ਵਿੱਚ ਜਾਵੇਗਾ।

1

follow us on /anandpurwaasi

"ਪਹਿਲੀ ਓਟ ਹੈ ਅਕਾਲ ਪੁਰਖ ਦੀ, ਦੂਸਰੀ ਗੁਰੂ ਦੀ, ਤੀਸਰੀ ਸੱਚ ਦੀ ਅਤੇ ਚੌਥੀ ਸ੍ਵੈ ਓਟ (ਆਪਣੇ ਬਲ ਦੀ)" ਜਿੰਨਾਂ ਚਿਰ ਖ਼ਾਲਸਾ ਇਨ੍ਹਾਂ ਚੌਹਾਂ ਓਟਾਂ ਦਾ ਧਾਰਨੀ ਰਹੇਗਾ ਖ਼ਾਲਸੇ ਦਾ ਤੇਜ ਦਿਨੋਂ ਦਿਨ ਵਧੇਗਾ, ਜਦੋਂ ਚੌਹਾਂ ਓਟਾਂ ਵਿੱਚੋਂ ਇੱਕ ਦਾ ਵੀ ਤਿਆਗ ਕਰੇਗਾ ਤਦੋਂ ਖ਼ਾਲਸੇ ਦਾ ਤੇਜ ਘਟੇਗਾ। ਸਤਿਗੁਰਾਂ ਨੇ ਬੀਰ ਰਸ ਵਿੱਚ ਆ ਕੇ ਬਚਨ ਕੀਤਾ ਕਿ ਤੁਸੀਂ ਸਾਰੇ ਪਰਖ ਦੀ ਘੜੀ ਵਿੱਚ ਪੂਰੇ ਉੱਤਰਨ ਵਾਲੇ ਸੱਚੇ ਸੁੱਚੇ ਆਤਮਿਕ ਜੀਵਨ ਵਿੱਚ ਜਿਉਂ ਉੱਠੇ ਧਰਮੀ ਖ਼ਾਲਸੇ ਹੋ। ਸਾਡੇ ਚਾਰ-ਚੁਫ਼ੇਰੇ ਕਸਮਾਂ-ਸੁਗੰਧਾਂ ਛਿੱਕੇ ਟੰਗ ਕੇ ਅਧਰਮੀ ਫੌਜਾਂ ਅਤੇ ਲੁਟੇਰਿਆਂ ਦਾ ਜ਼ਹਾਦੀ ਘੇਰਾ ਕੋਹਾਂ ਵਿੱਚ ਹੈ। ਇਸ ਘੇਰੇ ਵਿੱਚੋਂ ਸਾਡਾ ਜਿਊਂਦੇ ਜੀ ਬਚਕੇ ਨਿਕਲ ਜਾਣਾ ਅਸੰਭਵ ਹੈ। ਹੁਣ ਇੱਕ ਪਾਸੇ ਤੁਸੀਂ ਧਰਮੀ ਲੋਕ ਖ਼ਾਲਸਾ ਹੋ, ਦੂਸਰੇ ਪਾਸੇ ਅਧਰਮੀਆਂ ਦਾ ਜਮਘਟਾ ਧਰਮ ਤੇ ਸੱਚ ਨੂੰ ਮਿਟਾਉਣ ਵਾਸਤੇ ਚੜ੍ਹ ਆਇਆ ਹੈ।ਸਰੀਰਕ ਮੌਤ ਨਿਸਚੇ ਹੈ ਪਰ ਅਸੀਂ ਅਧਰਮੀਆਂ ਨੂੰ ਮੈਦਾਨ-ਏ-ਜੰਗ ਵਿੱਚ ਦੱਸ ਦੇਣਾ ਹੈ ਕਿ ਆਤਮਿਕ ਜੀਵਨ ਜਿਉ ਉੱਠੇ ਬੰਦੇ ਸਵਾ-ਸਵਾ ਲੱਖ ਤੇ ਵੀ ਭਾਰੂ ਹੁੰਦੇ ਹਨ।

**ਤੁਸੀਂ ਚੜ੍ਹਦੀ ਕਲਾ ਵਾਲੇ ਹੋ ਤੁਹਾਡੀਆਂ ਸ਼ਹੀਦੀਆਂ ਰੰਗ ਲਿਆਉਣਗੀਆਂ। ਮੁਗਲ ਰਾਜ ਹੁਣ ਥੋੜ੍ਹੇ ਦਿਨਾਂ ਦਾ ਮਹਿਮਾਨ ਹੈ। ਤੁਸੀਂ ਮਰ ਕੇ ਵੀ ਨਹੀਂ ਮਰੋਗੇ, ਸਦਾ ਲਈ ਅਮਰ ਹੋ ਜਾਵੋਗੇ। ਮਰਦਾ ਉਹ ਹੈ ਜਿਸ ਦੀ ਜ਼ਮੀਰ ਮਰ ਜਾਂਦੀ ਹੈ। ਜਿਉਂਦੀ ਜ਼ਮੀਰ ਵਾਲੇ ਸਦਾ ਜਿਊਂਦੇ ਰਹਿੰਦੇ ਹਨ।**

ਸਤਿਗੁਰੂ ਜੀ ਦੇ ਬੀਰ-ਰਸੀ ਬਚਨ ਸੁਣ ਕੇ ਸਿੰਘਾਂ ਨੇ ਗੁਰਦੇਵ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ ਤੇ ਸਤਿਗੁਰੂ ਜੀ ਗਦ-ਗਦ ਹੋਏ ਤੇ ਖ਼ਾਲਸੇ ਨੂੰ ਅਸੀਸਾਂ ਦਿੱਤੀਆਂ। ਸਿੰਘਾਂ ਨੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡ ਕੇ ਅਸਮਾਨ ਨੂੰ ਗੁੰਜਾਅ ਦਿੱਤਾ।



follow us on /anandpurwaasi

# ਚਮਕੌਰ ਦੀ ਗੜ੍ਹੀ ਅੰਦਰ ਗੁਰੂ ਜੀ ਨੇ ਖਾਲਸੇ ਨੂੰ ਅਥਾਹ ਪਿਆਰ ਬਖਸ਼ਿਆ

ਸਾਰੇ ਯੋਧੇ ਆਪਣੇ ਕਮਰਕੱਸੇ ਖੋਲ੍ਹ ਕੇ ਬੜੀ ਸ਼ਾਂਤੀ ਨਾਲ ਗੁਰੂ ਜੀ ਆਲੇ ਦੁਆਲੇ ਇਕੱਠੇ ਹੋਏ। ਗੁਰੂ ਜੀ ਨੇ ਸੋਦਰੁ ਰਹਿਰਾਸ ਦਾ ਪਾਠ ਆਰੰਭ ਕਰ ਦਿਤਾ। ਅੱਜ ਵੀ ਸਿੰਘਾਂ ਨੇ ਕੁਝ ਨਹੀਂ ਛਕਿਆ ਸੀ ਅਤੇ ਕੜਾਕੇ ਦੀ ਠੰਡ ਵਿਚ ਬਿਨਾ ਕਿਸੇ ਪਲੰਘ ਬਿਸਤਰੇ ਤੋਂ ਰਾਤ ਗੁਜਰਨ ਲੱਗੀ। ਕੁਝ ਸਿੰਘ ਗੜ੍ਹੀ ਤੇ ਪਹਿਰਾ ਦੇਣ ਲੱਗੇ ਅਤੇ ਬਾਕੀ ਅਰਾਮ ਕਰਨ ਲੱਗੇ। ਡੇਢ ਘੜੀ ਰਾਤ ਬੀਤਣ ਉਪਰੰਤ ਗੁਰੂ ਕਲਗੀਧਰ ਜੀ ਆਪਣੇ ਆਸਣ ਤੋਂ ਉੱਠ ਕੇ ਆਏ ਅਤੇ ਬਿਨਾਂ ਚਰਨਾਂ ਦਾ ਖੜਾਕ ਕੀਤੇ ਸੁੱਤੇ ਪਏ ਸਿੰਘਾਂ ਦੇ ਚਿਹਰਿਆਂ ਵੱਲ ਤੱਕਣ ਲੱਗੇ, ਮਨ ਹੀ ਮਨ ਵਿਚ ਅਸੀਸਾਂ ਦੇ ਰਹੇ ਸਨ ਕਿ ਮੇਰੇ ਹੁਕਮ ਤੋਂ ਆਪਾ ਵਾਰਨ ਵਾਲੇ ਇਹ ਸੂਰਮੇ ਕੱਲ ਨੂੰ ਮਹਾਂ ਯੁੱਧ ਵਿਚ ਸ਼ਹੀਦ ਹੋ ਜਾਣਗੇ। ਸਤਿਗੁਰੂ ਜੀ ਉਸ ਥਾਂ ਤੋਂ ਅੱਗੇ ਨਾ ਵਧੇ ਅਤੇ ਸੁੱਤੇ ਪਏ ਸਿੰਘਾਂ ਨੂੰ ਚੁੰਮਣ ਲੱਗੇ ਜਿਵੇਂ ਇਕ ਪਿਤਾ ਆਪਣੇ ਬੱਚਿਆਂ ਨੂੰ ਲਾਡ ਲਡਾਉਂਦਾ ਹੈ ਇਵੇਂ ਹੀ ਗੁਰੂ ਜੀ ਨੇ ਸਿੰਘਾਂ ਦੇ ਮੱਥਿਆਂ ਅਤੇ ਗਰਦਨਾਂ ਨੂੰ ਚੁੰਮਿਆ। ਫੇਰ ਚਰਨਾਂ ਵਾਲੇ ਪਾਸੇ ਆਕੇ ਸਿੰਘਾਂ ਦੇ ਚਰਨ ਚੁੰਮਣ ਲੱਗੇ। ਇਹ ਆਪਣੇ ਪਿਆਰੇ ਗੁਰਸਿਖਾਂ ਲਈ ਪਿਆਰ ਦੀ ਇੰਤਹਾ ਸੀ ਜੋ ਗੁਰਦੇਵ ਜੀ ਨੇ ਚਮਕੌਰ ਦੀ ਗੜ੍ਹੀ ਵਿੱਚ 7 ਪੋਹ ਦੀ ਰਾਤ ਨੂੰ ਪ੍ਰਗਟ ਕੀਤਾ। ਸੰਸਾਰ ਵਿਚ ਅਹਿਜੀ ਰਹਿਬਰੀ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ।



follow us on /anandpurwaasi

# ਚਮਕੌਰ ਦੀ ਗੜ੍ਹੀ ਅੰਦਰ ਗੁਰੂ ਜੀ ਨੇ ਖਾਲਸੇ ਨੂੰ ਅਥਾਹ ਪਿਆਰ ਬਖਸ਼ਿਆ

ਇਸ ਘੜੀ ਗੁਰਦੇਵ ਜੀ ਨੇ ਜਦ ਤੱਕਿਆ ਕਿ ਥਕਾਵਟ ਅਤੇ ਠੰਢ ਨਾਲ ਬੇਸੁਰਤ ਹੋਕੇ ਨੀਂਦ ਦੀ ਗੋਦੀ ਵਿੱਚ ਸਿਰ ਸੁੱਟੀ ਅਰਾਮ ਕਰ ਰਹੇ ਸਿੰਘਾਂ ਦੇ ਜੋ ਛੋਟੇ ਦਸਤਾਰੇ ਹਨ, ਉਹ ਸਿਰਾਂ ਤੋਂ ਖਿਸਕੇ ਗਏ ਹਨ। ਪਿਆਰੇ ਗੁਰਦੇਵ ਜੀ ਨੇ ਬੜੇ ਸਹਿਜ ਨਾਲ ਸਾਫਿਆਂ ਨੂੰ ਚੁੱਕ ਕੇ ਝਾੜਿਆ ਅਤੇ ਹੌਲੀ ਜਿਹੀ ਸਿਰਾਂ ਦੇ ਪਾਸ ਰੱਖ ਦਿੱਤਾ। ਘੋੜਿਆਂ ਦੀਆਂ ਕਾਠੀਆਂ ਦੇ ਬਣਾਏ ਹੋਏ ਸਿਰਹਾਣਿਆ ਤੋਂ ਸਿੰਘਾਂ ਦੀਆਂ ਧੌਣਾਂ ਵੀ ਸਰਕੀਆਂ ਹੋਈਆਂ ਸਨ; ਸਰਕੇ ਹੋਏ ਸਿਰਾਂ ਨੂੰ ਸਿੱਧਿਆਂ ਕਰਕੇ ਮੁੜ ਕਾਠੀਆਂ ਤੇ ਟਿਕਾ ਦਿੱਤਾ।ਜਿਸ ਸਿੰਘ ਦੇ ਪਾਵਨ ਕੇਸ ਨੀਂਦ ਵਿੱਚ ਪਏ ਹੋਏ ਦੇ ਖੁਲ੍ਹ ਗਏ ਸਨ; ਗੁਰੂ ਸਾਹਿਬ ਨੇ ਹੌਲੀ ਹੌਲੀ ਝਾੜੇ ਤੇ ਕੇਸਾਂ ਉੱਪਰ ਲੱਗੀ ਮਿੱਟੀ ਨੂੰ ਆਪਣੇ ਮੁਬਾਰਕ ਮਸਤਕ ਨਾਲ ਲਾ ਕੇ ਸਿਜਦਾ ਕੀਤਾ। ਸ਼ਸਤ੍ਰ ਵੀ ਬੇ-ਤਰਤੀਬੇ ਹੋਏ ਪਏ ਸਨ; ਗੁਰਦੇਵ ਜੀ ਨੇ ਖਿੰਡੇ-ਪੁੰਡੇ ਸ਼ਸਤ੍ਰਾਂ ਨੂੰ ਵੀ ਤਰਤੀਬ ਵਾਰ ਸਜਾਇਆ। ਗੱਲ ਕੀ ਕਿ ਗੁਰਦੇਵ ਜੀ ਨੇ ਨੀਂਦ ਵਿੱਚ ਸੁੱਤੇ ਪਏ ਆਪਣੇ ਪਿਆਰਿਆਂ ਦੀ ਹਰ ਵਸਤ ਨੂੰ ਤਰਤੀਬ ਦੇ ਕੇ ਸਿੰਘਾਂ ਦੀ ਖੁਦ ਖਿਦਮਤ ਕੀਤੀ। ਯੋਗੀ ਅੱਲ੍ਹਾ ਯਾਰ ਖਾਂ ਲਿਖਦੇ ਨੇ ਕਿ ਖੁਦਾ ਦੀ ਕਸਮ ਹੈ, ਮੈਂ ਕਿਸੇ ਰਹਿਬਰ ਵਿੱਚ ਅਜਿਹੀ ਪਿਆਰ ਨਾਲ ਲਬਰੇਜ਼ ਕਰਨ ਦਾ ਉਪਕਾਰੀ ਗੁਣ ਅਤੇ ਆਪਣੀ ਉੱਮਤ ਨਾਲ ਕਿਸੇ ਪੈਗੰਬਰ ਦਾ ਇਤਨਾ ਇਲਾਹੀ ਪਿਆਰ ਨਹੀਂ ਵੇਖਿਆ ਜਿਸ ਪਿਆਰ ਦਾ ਇਜ਼ਹਾਰ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਰ ਗਏ ਹਨ।



follow us on /anandpurwaasi

ਜਬ ਡੇਢ ਘੜੀ ਰਾਤ ਗਈ ਜ਼ਿਕਰ-ਏ-ਖ਼ੁਦਾ ਮੇਂ।
ਖੈਮੇਂ ਸੇ ਨਿਕਲ ਆਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਦੁਆ ਮੇਂ ਥਾ।
ਬੋਲੇ; ਐ ਖੁਦਾਵੰਦ! ਹੂੰ ਖੁਸ਼ ਤੇਰੀ ਰਜ਼ਾ ਮੇਂ।
ਕਰਤਾਰ ਸੇ ਕਹਤੇ ਥੇ ਗੋਯਾ ਰੂ-ਬ-ਰੂ ਹੋ ਕਰ।
ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ।
ਸੋਏ ਹੂਏ ਸ਼ੇਰੋਂ ਕੋ ਗਲੇ ਅਪਨੇ ਲਗਾਯਾ।
ਸਤਿਗੁਰੂ ਨੇ ਦਲੇਰੋਂ ਕੋ ਗਲੇ ਅਪਨੇ ਲਗਾਯਾ।
ਥੇ ਚਾਰ, ਹੋ ਅਬ ਦੋ ਹੀ, ਸਹਰਿ ਯਿਹ ਭੀ ਨ ਹੋਂਗੇ।
ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨ ਹੋਂਗੇ।

~ਜੋਗੀ ਅੱਲ੍ਹਾ ਯਾਰ ਖਾਂ

@anandpurwaasi



follow us on /anandpurwaasi

ਜਿਨ ਸਿੰਘਾਂ ਨੇ ਕਲ ਮੌਤ ਕੇ ਸਾਹਿਲੀ ਥਾ ਉਤਰਨਾ ।
ਕਲ ਸੁਬਹ ਥਾ ਜਿਨ ਖ਼ਾਲਸੋਂ ਨੇ ਜੰਗ ਮੇਂ ਮਰਨਾ ।
ਬਾਲੀ ਸੇ ਸ਼ਹੀਦੋਂ ਕੋ ਹੂਆ ਜਬਕਿ ਗੁਜ਼ਰਨਾ ।
ਮੁਸ਼ਕਲ ਹੂਆ ਇਸ ਜਾ ਸੇ ਕਦਮ ਆਗੇ ਕੋ ਧਰਨਾ ।
ਚੂੰਮਾਂ ਕਭੀ ਹਲਕੂਮ, ਦਹਨ ਚੂੰਮਨੇ ਬੈਠੇ ।
ਜਬ ਪਾਇੰਤੀ“ ਆਏ ਤੋ ਚਰਨ ਚੂੰਮਨੇ ਬੈਠੇ ।੧੫ ॥
ਸਾਫੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਮੀਂ ਸੇ ।
ਕੇਸ ਇਸ ਕੇ ਜੋ ਝਾੜੇ ਤੋ ਲੀ ਖਾਕਾ ਉਸ ਕੀ ਥੀ ਜਬੀਂ ਸੇ ।
ਸਰ ਠੀਕ ਕੀਏ, ਸਰਕੇ ਹੂਏ ਬਾਲਿਸ਼ਿ-ਜ਼ੀ ਸੇ ।
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ ।
ਹਾਸ਼ਾ !“ ਕਿਸੀ ਮੁਰਸ਼ਦ ਮੇਂ ਯਿਹ ਈਸਾਰ ਨਹੀਂ ਹੈ ।
ਯਿਹ ਪਿਆਰ ਕਿਸੀ ਪੀਰ ਮੇਂ ਜ਼ਿਨਹਾਰ ਨਹੀਂ ਹੈ ।

~ਜੋਗੀ ਅੱਲ੍ਹਾ ਯਾਰ ਖਾਂ

ਅਨੰਦਪੁਰਵਾਸੀ
@anandpurwaasi



follow us on /anandpurwaasi



ਸਰਸਾ ਨਦੀ ਦੇ ਛੂਕਦੇ ਪਾਣੀ ਨੇ ਗੁਰੂ ਜੀ ਦੇ ਪਰਿਵਾਰ ਨੂੰ ਖੇਰੂੰ ਖੇਰੂੰ ਕਰ ਦਿਤਾ ਸੀ। ਸਿੰਘਾਂ ਨੇ ਇਸ ਬਿਪਤਾ ਦੇ ਸਮੇਂ ਵਿਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਲੱਭਣ ਦਾ ਯਤਨ ਕੀਤਾ ਪਰ ਹਾਲਾਤਾਂ ਨੇ ਇਹ ਕਾਰਜ ਸਿਰੇ ਨਾ ਚੜ੍ਹਨ ਦਿਤਾ। ਹਨ੍ਹੇਰੀ ਰਾਤ ਬਿਖੜਾ ਪੈਂਡਾ ਅੱਗੇ ਪਿੱਛੇ ਦੁਸ਼ਮਣ ਅਤੇ ਇਸ ਤਰ੍ਹਾਂ ਆਪਣੇ ਪਰਿਵਾਰ ਨਾਲੋਂ ਵਿੱਛੜ ਕੇ ਗੁਰੂ ਮਾਤਾ ਅਤੇ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੇ ਕੰਢੇ ਉੱਗੇ ਸਰਕੰਡਿਆਂ ਵਿਚੋਂ ਦੀ ਉਲਝੀਆਂ ਰਾਹਾਂ ਨੂੰ ਚੱਲ ਪਏ। 7

follow us on /anandpurwaasi




ਸਾਰਾ ਦਿਨ ਤੁਰਦੇ ਤੁਰਦੇ ਰਾਤ ਪੈ ਗਈ ਅਤੇ ਆਪ ਜੀ ਪਿੰਡ ਚੱਕ ਢੇਰਾ ਦੇ ਪੱਤਣ ਤੇ ਪੁੱਜ ਗਏ ਓਥੇ ਕਰਮੂ ਝੀਵਰ ਦੀ ਝੌਂਪੜੀ ਦਿਸੀ ਜਿਸ ਨੂੰ ਔਰੰਗਜ਼ੇਬ ਵੱਲੋਂ ਧੱਕੇ ਨਾਲ ਮੁਸਲਮਾਨ ਕਰਕੇ ਕਰਮਦੀਨ ਬਣਾ ਦਿੱਤਾ ਗਿਆ ਸੀ। ਇਸ ਨੇ ਗੁਰੂ ਪਰਿਵਾਰ ਜਾਣ ਕੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਣੀ ਝੌਂਪੜੀ ਵਿਚ ਥਾਂ ਦਿਤੀ, ਨਾਲਦੇ ਨਗਰ ਵਿਚ ਵੱਸਦੀ ਬੀਬੀ ਲੱਛਮੀ ਤੋਂ ਲੰਗਰ ਪ੍ਰਸ਼ਾਦਾ ਤਿਆਰ ਕਰਵਾਕੇ ਛਕਾਇਆ। ਮਾਤਾ ਜੀ ਸਾਰੀ ਰਾਤ ਸੁੱਤੇ ਨਹੀਂ ਅਤੇ ਅਗਲੀ ਸਵੇਰ ਨੂੰ ਮਾਈ ਲੱਛਮੀ ਨੇ ਕੁੱਲੀ ਵਿਚ ਆ ਕੇ ਮਾਤਾ ਜੀ ਦੀ ਬਹੁਤ ਸੇਵਾ ਕੀਤੀ।



follow us on /anandpurwaasi

ਬੀਬੀ ਲੱਛਮੀ ਨੇ ਲੰਗਰ-ਭੋਜਨ ਛਕਾ ਕੇ ਮਾਤਾ ਜੀ ਦੀ ਮੁੱਠੀ ਚਾਪੀ ਆਦਿਕ ਦੀ ਸੇਵਾ ਕਰਕੇ ਟਹਿਲ ਕਮਾਈ ਅਤੇ ਆਪਾ ਧੰਨ ਕੀਤਾ। ਭਾਈ ਕਿਸ਼ਨ ਸਿੰਘ ਜੀ ਨੇ ਇਸ ਟਹਿਲ ਸੇਵਾ ਦਾ ਜ਼ਿਕਰ ਕਰਦਿਆਂ ਆਪਣੀ ਰਚਨਾ "ਸ਼ਹੀਦਨਾਮਾ" ਵਿੱਚ ਲਿਖਿਆ ਹੈ:

ਤਿਨਹਿ ਕੀਨੀ ਸੇਵ ਅਪਾਰਾ।
ਮਨਹਿ ਉਪਜਯੋ ਪ੍ਰੇਮ ਬਹੁ ਭਾਰਾ।
ਛਤੀ ਪ੍ਰਕਾਰਹਿ ਭੋਜਨ ਕੀਨੇ।
ਅਵਰ ਵਿਛਾਨੇ ਮਖਮਲੀ ਕੀਨੇ।
ਮੁਠੀ ਚਾਪੀ ਕੀਨੀ ਬਹੁ ਭਾਈ।
ਵੱਡੇ ਭਾਗ ਲਛਮੀ ਹਰਖਾਈ।

ਬਾਕੀ ਅਗਲੇ ਅੰਕ ਵਿਚ...



@anandpurwaasi
follow us on /anandpurwaasi


8 ਪੋਹ
BATTLE OF CHAMKAUR
40 SINGH V/S 1 MILLION ENEMY
* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਸਾਕਾ ਚਮਕੌਰ 1704
ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਹੋਰ ਸਿੰਘ
40 ਸਿੰਘ ਅਤੇ 10 ਲੱਖ ਦੁਸ਼ਮਣ ਫੌਜ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi



# 8 ਪੋਹ

8 ਪੋਹ ਦੀ ਸਵੇਰ ਹੋਈ, ਗੁਰੂ ਜੀ ਨੇ ਨਿਤਨੇਮ ਅਤੇ ਆਸਾ ਦੀ ਵਾਰ ਦਾ ਪਾਠ ਬੜੇ ਠਰੰਮੇ ਨਾਲ ਕੀਤਾ। ਯੁਧਨੀਤੀ ਰਾਤ ਨੂੰ ਹੀ ਬਣਾ ਲਈ ਸੀ ਗੜ੍ਹੀ ਦੀਆਂ ਚਾਰਾਂ ਬਾਹੀਆਂ ਤੇ ਸਿੰਘਾਂ ਨੇ ਮੋਰਚੇ ਸੰਭਾਲ ਲਏ ਅਤੇ ਭਾਈ ਆਲਮ ਸਿੰਘ ਜੀ ਨਾਲ ਭਾਈ ਮਾਨ ਸਿੰਘ ਜੀ ਗੜ੍ਹੀ ਵਿੱਚ ਫਿਰ ਰਹੇ ਸਨ ਤਾਂ ਜੋ ਸਾਰਿਆਂ ਨਾਲ ਤਾਲਮੇਲ ਬਣਿਆ ਰਹੇ। ਗੁਰੂ ਸਾਹਿਬ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਪੰਜ ਪਿਆਰਿਆਂ ਨਾਲ ਗੜ੍ਹੀ ਦੀ ਉਪਰਲੀ ਅਟਾਰੀ ਵਿਚ ਜਾ ਬਿਰਾਜੇ। ਸਤਿਗੁਰੂ ਜੀ ਨੇ ਆਖਿਆ, ਖਾਲਸਾ ਜੀ ! ਤੁਸੀਂ ਇਨਾਂ ਤੁਰਕਾਂ ਤੇ ਪਹਾੜੀਆਂ ਦੀਆਂ ਕਸਮਾ ਉਤੇ ਭਰੋਸਾ ਕਰਕੇ ਇਸ ਦਸ਼ਾ ਨੂੰ ਪਹੁੰਚੇ ਹੋ ਹੁਣ ਕਰਤਾਰ ਦੇ ਭਾਣੇ ਨੂੰ ਪ੍ਰਸੰਨ ਹੋਕੇ ਮੰਨੋ ਤੇ ਦੁਸ਼ਮਣਾਂ ਨੂੰ ਦੱਸ ਦਿਓ ਕਿ ਸਵਾ ਸਵਾ ਲੱਖ ਦੁਸ਼ਮਣਾਂ ਨਾਲ ਸਿੰਘ ਇਕਲਾ ਹੀ ਮੁਕਾਬਲਾ ਕਰਨ ਨੂੰ ਸਮਰਥ ਹੈ।

1

follow us on /anandpurwaasi

# 8 ਪੋਹ



ਜਦ ਤੁਰਕ ਫੌਜਾਂ ਮਾਰੋ ਮਾਰ ਕਰਦੀਆਂ ਕਿਲੇ ਦੇ ਚੁਫੇਰੇ ਮੁਖੀਆਂ ਵਾਂਗੂੰ ਹੋਕੇ ਬੰਦੂਕਾਂ ਚਲਾਉਣ ਲਗੀਆਂ ਤਾਂ ਸਿੰਘ ਵੀ ਅੰਦਰੋਂ ਗੋਲੀਆਂ ਚਲਾਉਣ ਲਗ ਪਏ ਅਤੇ ਗੁਰੂ ਸਾਹਿਬ ਜੀਨੇ ਅਟਾਰੀ ਵਿਚੋਂ ਤੀਰ ਮਾਰਨੇ ਸ਼ੁਰੂ ਕਰ ਦਿਤੇ । ਜੇਹੜਾ ਵੀ ਦੁਸ਼ਮਣ ਕਿਲੇ ਦੇ ਨੇੜੇ ਜਾਂਦਾ ਉਸਨੂੰ ਹੀ ਗੋਲੀ : ਤੀਰ ਨਾਲ ਸਿੰਘ ਜਖਮੀ ਕਰ ਦੇਂਦੇ ਤੇ ਇਸਤਰਾਂ ਦੁਸ਼ਮਣ ਧੜਾ ਧੜ ਧਰਤੀ ਉਤੇ ਲੇਟਣ ਲੱਗੇ। ਰਾਜਾ ਭੀਮ ਚੰਦ ਆਦਿਕਾਂ ਨੇ ਅੰਦਰੋਂ ਚੰਗਾ ਮੁਕਾਬਲਾ ਹੁੰਦਾ ਵੇਖਕੇ ਪਿੰਡ ਦੇ ਲੋਕਾਂ ਨੂੰ ਪੁਛਿਆ ਕਿ ਅੰਦਰ ਕਿੰਨੇ ਕੁ ਸਿੰਘ ਹਨ। ਪਿੰਡ ਵਾਲਿਆਂ ਨੇ ਦਸਿਆ ਕਿ ਗੁਰੂ ਜੀ ਨਾਲ ਚਾਲੀ ਪੰਜਾਹ ਸਿੰਘ ਹਨ । ਜੇ ਤੁਹਾਡੀ ਫੌਜ ਦੇ ਸਾਰੇ ਆਦਮੀ ਮਿਟੀ ਦੀ ਇਕ ਇਕ ਮੁਠ ਵੀ ਕਿਲੇ ਅੰਦਰ ਸੁਟਣ ਤਾਂ ਸਾਰੇ ਸਿੰਘ ਉਸਦੇ ਹੇਠ ਹੀ ਦਬੇ ਜਾਣ।ਇਹ ਗਲ ਸੁਣਕੇ ਭੀਮ ਚੰਦ ਖੁਸ਼ੀ ਨਾਲ ਭਜਾ ਭਜਾ ਖਾਜਾ ਮਰਦੂਦ ਪਾਸ ਗਿਆ ਅਤੇ ਕਹਿਣ ਲਗਾ ਖਾਂ ਜੀ ! ਢਿਲ ਕਿਉਂ ਕਰਦੇ ਹੋ ! ਹੱਲਾ ਕਰਕੇ ਸਭ ਨੂੰ ਮਾਰ ਦਿਓ, ਕੇਵਲ ਸਿੰਘ ਚਾਲੀ ਅੰਦਰ ਹਨ।



follow us on /anandpurwaasi

# 8 ਪੋਹ



ਸਾਰੀ ਫੌਜ ਨੇ ਇਕੋ ਵਾਰ ਹੱਲਾ ਕੀਤਾ ਪਰ ਅੰਦਰੋਂ ਬੰਦੂਕਾਂ ਚੋਂ ਗੋਲੀਆਂ ਤੜਾ ਤੜ ਛੁੱਟਣ ਲੱਗ ਪਈਆਂ ਤੀਰਾਂ ਦਾ ਮੀਂਹ ਵਰਸਣ ਲੱਗਾ। ਗੁਰੂ ਜੀ ਦਾ ਇਕ ਇਕ ਤੀਰ ਦਸ ਦਸ ਹਜਾਰ ਦੀ ਛਾਤੀ ਨੂੰ ਪਾੜ ਰਿਹਾ ਸੀ। ਪਲ ਵਿਚ ਹੀ ਲੋਥਾਂ ਦੇ ਢੇਰ ਲੱਗ ਗਏ ਓਧਰ ਗੜ੍ਹੀ ਦੇ ਦਰਵਾਜੇ ਦੀ ਰਾਖੀ ਕਰਦਿਆਂ ਭਾਈ ਮਦਨ ਸਿੰਘ ਤੇ ਕੋਠਾ ਸਿੰਘ ਫੱਟੜ ਹੋ ਗਏ ਪਿੱਛੋਂ ਤੇਗਾਂ ਸੂਤ ਕੇ ਮੈਦਾਨ ਵਿਚ ਜਾ ਵੜੇ ਅਤੇ ਸ਼ਹੀਦੀਆਂ ਪ੍ਰਾਪਤ ਕਰ ਗਏ। ਨਵਾਬ ਮਲੇਰਕੋਟਲੇ ਦਾ ਭਰਾ ਨਾਹਰ ਖਾਨ ਪੌੜੀ ਲਾ ਕੇ ਗੜ੍ਹੀ ਤੇ ਚੜ੍ਹਨ ਲੱਗਾ ਤਾਂ ਜਦੋਂ ਹੀ ਸਿਰ ਉਪਰ ਕਢਿਆ ਗੁਰੂ ਜੀ ਨੇ ਅਕਾਲ ਕਹਿ ਕੇ ਤੀਰ ਛਡਿਆ ਥਾਏਂ ਹੀ ਢੇਰੀ ਹੋ ਗਿਆ। ਦੂਜਾ ਜਰਨੈਲ ਗਨੀ ਖਾਂ ਵੀ ਉਸੇ ਰਸਤੇ ਆਉਣ ਲੱਗਾ ਤਾਂ ਗੁਰੂ ਜੀ ਨੇ ਗੁਰਜ ਮਾਰ ਕੇ ਸਿਰ ਫੇਹ ਦਿਤਾ ਜਿਸ ਨੂੰ ਵੇਖ ਕੇ ਖਵਾਜਾ ਮਹਿਦੂਦ ਕੰਧ ਓਹਲੇ ਲੁਕ ਗਿਆ ਜਿਸ ਦਾ ਜਿਕਰ ਮਹਾਰਾਜ ਨੇ ਜ਼ਫ਼ਰਨਾਮੇ ਵਿਚ ਵੀ ਕੀਤਾ ਹੈ ਕਿ ਜੇ ਕਿਤੇ ਡਰਪੋਕ ਖਵਾਜਾ ਮੇਰੇ ਸਾਹਮਣੇ ਆਉਂਦਾ ਉਸਨੂੰ ਵੀ ਆਪਣਾ ਤੀਰ ਬਖਸ਼ ਦਿੰਦਾ। ਸੋ ਵੈਰੀ ਦਾ ਏਨਾ ਜਿਆਦਾ ਨੁਕਸਾਨ ਗੁਰੂ ਕਲਗੀਧਰ ਜੀ ਨੇ ਆਪ ਕੀਤਾ।



follow us on /anandpurwaasi




ਹੁਣ ਪੰਜ ਪੰਜ ਸਿੰਘਾਂ ਦਾ ਜਥਾ ਗੜ੍ਹੀ ਚੋਂ ਬਾਹਰ ਨਿਕਲਣ ਲੱਗਾ। ਸਿੰਘ ਸੂਰਮੇ ਭੁੱਖੇ ਸ਼ੇਰਾਂ ਵਾਂਗ ਦੁਸ਼ਮਣ ਤੇ ਜਾ ਝਪਟੇ। ਉਹਨਾਂ ਨੇ ਚਮਕੌਰ ਦੀ ਧਰਤੀ ਲਾਸ਼ਾਂ ਨਾਲ ਭਰ ਦਿੱਤੀ ਜਿਸ ਨੂੰ ਵੇਖ ਕੇ ਸੈਨਾ ਵਿਚੋਂ ਯਾ ਖੁਦਾ ਬਚਾ ਲਓ ਹੇ ਭੋਲੇਨਾਥ ਬਚਾ ਲਓ ਦੀਆਂ ਆਵਾਜ਼ਾਂ ਆਉਣ ਲੱਗੀਆਂ ਪਰ ਕੀਹਨੇ ਬਚਾਉਣਾ ਸੀ। "ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁੱਟੇ ਆਵਲੇ" ਦਾ ਦ੍ਰਿਸ਼ ਸਾਕਾਰ ਹੋ ਰਿਹਾ ਸੀ। ਸਤਿਗੁਰੂ ਜੀ ਪਾਸੋਂ ਆਗਿਆ ਲੈਕੇ ਭਾਈ ਅਮੋਲਕ ਸਿੰਘ ਭਾਈ ਧਿਆਨ ਸਿੰਘ ਭਾਈ ਦਾਨ ਸਿੰਘ ਜੀ ਨੇ ਗੜ੍ਹੀ ਤੋਂ ਬਾਹਰ ਨਿਕਲ ਕੇ ਅਜਿਹਾ ਯੁੱਧ ਕੀਤਾ ਕਿ ਵੈਰੀ ਪਿੱਛੇ ਭੱਜਣ ਲੱਗ ਪਿਆ।



follow us on /anandpurwaasi




# ਤਿੰਨ ਪਿਆਰਿਆਂ ਦੀ ਸ਼ਹੀਦੀ

ਇਨ੍ਹਾਂ ਦੀ ਬਹਾਦਰੀ ਵੇਖ ਕੇ **ਭਾਈ ਮੋਹਕਮ ਸਿੰਘ ਜੀ** ਜੋ ਪੰਜ ਪਿਆਰਿਆਂ ਵਿਚੋਂ ਸਨ ਇਕੱਲੇ ਹੀ ਨੇਜਾ ਅਤੇ ਕਿਰਪਾਨ ਲੈਕੇ ਦੁਸ਼ਮਣ ਤੇ ਟੁੱਟ ਪਏ। ਪਠਾਣਾਂ ਦੇ ਦੋ ਦੋ ਟੁਕੜੇ ਕਰਨ ਲੱਗ ਪਏ ਡਰਦਾ ਕੋਈ ਵੀ ਸਿੰਘ ਜੀ ਅੱਗੇ ਨਹੀਂ ਸੀ ਆਉਂਦਾ। ਇਸ ਤਰਾਂ ਮਗਰੋਂ ਕਾਫੀ ਸੈਨਾ ਨੇ ਇਕੱਠੇ ਹੋ ਕੇ ਭਾਈ ਮੋਹਕਮ ਸਿੰਘ ਜੀ ਨੂੰ ਘੇਰ ਲਿਆ ਜਿਸ ਤੋਂ ਭਾਈ ਸਾਹਿਬ ਨੇ ਚਾਰੇ ਪਾਸਿਓਂ ਵੱਢ ਟੁਕ ਕੀਤੀ। **ਸਵਾ ਲਾਖ ਸੇ ਏਕ ਲੜਾਊਂ ਦੇ ਬਚਨ ਪੂਰੇ ਹੋ ਰਹੇ ਸਨ**। ਦੁਸ਼ਮਣ ਨੇ ਦੂਰੋਂ ਹੀ ਗੋਲੀਆਂ ਤੀਰਾਂ ਦੀ ਵਾਛੜ ਕਰ ਦਿਤੀ ਜਿਸ ਨਾਲ ਭਾਈ ਮੋਹਕਮ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਏ। ਇਹਨਾਂ ਦੀ ਸ਼ਹੀਦੀ ਤੋਂ ਬਾਅਦ **ਭਾਈ ਸਾਹਿਬ ਸਿੰਘ ਜੀ ਅਤੇ ਭਾਈ ਹਿੰਮਤ ਸਿੰਘ ਜੀ** ਨੇ ਪਿੱਠਾਂ ਜੋੜ ਕੇ ਜੰਗ ਲੜੀ ਅਤੇ ਅਣਗਿਣਤ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦ ਹੋ ਗਏ।



follow us on /anandpurwaasi




# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਜੰਗ ਵਿਚ

ਬਾਬਾ ਅਜੀਤ ਸਿੰਘ ਜੀ ਨੇ ਗਲ਼ ਵਿਚ ਪੱਲਾ ਪਾਕੇ ਅਰਦਾਸ ਕੀਤੀ ਕਿ ਗੁਰੂ ਪਿਤਾ ਜੀ ਹੁਣ ਮੈਨੂੰ ਆਗਿਆ ਬਖਸ਼ੋ। ਗੁਰੂ ਜੀ ਨੇ ਬਾਬਾ ਜੀ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਕਿ ਅਜੀਤ ਸਿੰਘ ਬਿਨਾ ਅਵਾਜ ਮਾਰੇ ਆਪ ਮੂਹਰੇ ਆਇਆ ਹੈ। ਸਿੰਘਾਂ ਨੇ ਕਿਹਾ ਕਿ ਮਹਾਰਾਜ ਆਪ ਆਪਣੇ ਸਾਹਿਬਜ਼ਾਦਿਆਂ ਨਾਲ ਗੜ੍ਹੀ ਚੋਂ ਨਿਕਲ ਜਾਵੋ ਪਰ ਗੁਰੂ ਜੀ ਕਹਿਣ ਲੱਗੇ ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ। **ਬਾਬਾ ਅਜੀਤ ਸਿੰਘ ਜੀ ਨੇ ਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ ਅਤੇ ਪੰਜ ਸਿੰਘਾਂ ਨਾਲ ਗੜ੍ਹੀ ਚੋਂ ਬਾਹਰ ਨਿਕਲੇ ਤੇ ਜਿਵੇਂ ਬਿਜਲੀ ਡਿਗਦੀ ਹੈ ਇਸ ਤਰਾਂ ਦੁਸ਼ਮਣ ਉਪਰ ਟੁੱਟ ਪਏ। ਮੁਗਲਾਂ ਨੂੰ ਭੁਲੇਖਾ ਪੈ ਗਿਆ ਕਿ ਹੁਣ ਗੁਰੂ ਗੋਬਿੰਦ ਸਿੰਘ ਜੀ ਆਪ ਜੰਗ ਵਿਚ ਆ ਗਏ ਹਨ ਕਿਉਂਕਿ ਬਾਬਾ ਜੀ ਦੀ ਸ਼ਕਲ ਹੂਬਹੂ ਮਹਾਰਾਜ ਨਾਲ ਮਿਲਦੀ ਸੀ।** ਬਾਬਾ ਜੀ ਨੇ ਹਰੇਕ ਸ਼ਸਤਰ ਨਾਲ ਦੁਸ਼ਮਣ ਦਾ ਨਾਸ ਕੀਤਾ। ਅਨਵਰ ਖਾਂ ਵਰਗੇ ਵੱਡੇ ਵੱਡੇ ਜਰਨੈਲ ਬਾਬਾ ਜੀ ਹੱਥੋਂ ਮਾਰੇ ਗਏ। ਦੁਸ਼ਮਣ ਦਲ ਵਿੱਚ ਭਾਜੜ ਪੈ ਗਈ ਪਰ ਸੂਰਮੇ ਘੱਟ ਨਹੀਂ ਸਨ ਕਰ ਰਹੇ। 6

follow us on /anandpurwaasi




# ਸ਼ਹੀਦੀ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

ਜਦੋਂ ਬਾਬਾ ਜੀ ਅਨਵਰ ਖਾਂ ਨੂੰ ਮਾਰ ਕੇ ਵਾਪਸ ਪਰਤਣ ਲੱਗੇ ਉਸ ਸਮੇਂ ਆਪ ਜੀ ਨਿਹੱਥੇ ਹੋ ਗਏ ਸਨ ਤਾਂ ਤੁਰਕ ਸੈਨਾ ਨੇ ਆਪ ਜੀ ਨੂੰ ਘੇਰਾ ਪਾ ਲਿਆ, ਆਪ ਜੀ ਦੀ ਪਿੱਠ ਪਿੱਛੋਂ ਤੁਰਕਾਂ ਨੇ ਬਰਛੇ ਮਾਰੇ। ਬਾਬਾ ਜੀ ਥੱਲੇ ਡਿੱਗ ਪਏ, ਇਸ ਸਮੇਂ **ਹਰੇਕ ਸਿਪਾਹੀ ਬਾਬਾ ਜੀ ਤੇ ਵਾਰ ਕਰਨ ਲੱਗਾ। ਬਾਬਾ ਜੀ ਨੇ 500 ਤੋਂ ਵੱਧ ਫੱਟ ਆਪਣੇ ਸਰੀਰ ਤੇ ਖਾਧੇ ਜੋ ਕਿ ਅੱਜ ਤੱਕ ਕਿਸੇ ਸੂਰਮੇ ਨੇ ਨਹੀਂ ਖਾਧੇ।** ਇਸ ਤਰਾਂ ਬਾਬਾ ਅਜੀਤ ਸਿੰਘ ਜੀ ਆਪਣਾ ਸਰੀਰ ਜੰਗ ਏ ਮੈਦਾਨ ਨੂੰ ਭੇਂਟ ਕਰਕੇ ਸਚਖੰਡ ਜਾ ਬਿਰਾਜੇ। ਇਸ ਵੇਲੇ ਬਾਬਾ ਜੀ ਦੀ ਉਮਰ 17 ਕ ਸਾਲ ਦੀ ਸੀ, **ਪੁੱਤਰ ਨੂੰ ਜੰਗ ਮੈਦਾਨ ਵਿਚ ਸ਼ਹੀਦ ਹੁੰਦਿਆਂ ਵੇਖ ਗੁਰੂ ਗੋਬਿੰਦ ਸਿੰਘ ਜੀ ਨੇ ਅਸਮਾਨ ਕੰਬਾਊ ਜੈਕਾਰੇ ਛੱਡੇ**, ਇਹ ਸਿਰਫ ਗੁਰੂ ਸਾਹਿਬ ਹੀ ਕਰ ਸਕਦੇ ਹਨ ਕਿ ਆਪਣੇ ਜਿਗਰ ਦੇ ਟੋਟੇ ਵਾਰ ਕੇ ਜੈਕਾਰੇ ਛੱਡਣੇ।



follow us on /anandpurwaasi




## ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਜੰਗ ਮੈਦਾਨ ਅੰਦਰ

ਬਾਬਾ ਅਜੀਤ ਸਿੰਘ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਬਾਬਾ ਜੁਝਾਰ ਸਿੰਘ ਜੀ ਨੂੰ ਵੀ ਜੰਗ ਦਾ ਚਾਅ ਚੜ੍ਹਿਆ ਅਤੇ ਗੁਰੂ ਜੀ ਪਾਸੋਂ ਜੰਗ ਵਿਚ ਜਾਣ ਦੀ ਆਗਿਆ ਮੰਗਣ ਲੱਗੇ ਕਿ ਮੈਂ ਵੀਰ ਨਾਲੋਂ ਵਿੱਛੜ ਕੇ ਨਹੀਂ ਜੀਅ ਸਕਦਾ। **ਇਸ ਵੇਲੇ ਬਾਬਾ ਜੁਝਾਰ ਸਿੰਘ ਜੀ ਦੀ ਉਮਰ ਪੌਣੇ ਕੁ 15 ਸਾਲ ਦੀ ਹੈ,** ਗੁਰੂ ਜੀ ਨੇ ਜੁਝਾਰ ਸਿੰਘ ਨੂੰ ਘੁੱਟ ਕੇ ਜੱਫੀ ਪਾਈ ਅਤੇ ਬਾਬਾ ਜੀ ਜੰਗ ਨੂੰ ਚੜ੍ਹ ਪਏ। ਗੁਰੂ ਜੀ ਆਪਣੇ ਪੁੱਤਰ ਦਾ ਜੰਗ ਵੇਖਣ ਲਈ ਅਟਾਰੀ ਵਿਚ ਚੜ੍ਹ ਗਏ। ਬਾਬਾ ਜੀ ਪੰਜ ਸਿੰਘਾਂ ਨਾਲ ਦੁਸ਼ਮਣ ਦੇ ਆਹੂ ਲਾਹ ਰਹੇ ਸਨ। ਜਿਧਰੋਂ ਦੁਸ਼ਮਣ ਦਾ ਜ਼ੋਰ ਪੈਂਦਾ ਗੁਰੂ ਜੀ ਇੱਕ ਤੀਰ ਛੱਡਦੇ ਜੋ ਹਜਾਰਾਂ ਦੀ ਛਾਤੀ ਵਿੰਨ ਕੇ ਲੰਘ ਜਾਂਦਾ। ਇਸ ਤਰ੍ਹਾਂ **ਬਾਬਾ ਜੀ ਨੇ ਵੱਡੇ ਵੱਡੇ ਜੰਗੀ ਜਰਨੈਲਾਂ ਦੇ ਵੀ ਦਿਲ ਕੰਬਣ ਲਾ ਦਿੱਤੇ।** ਓਧਰ ਸਿੰਘਾਂ ਨੂੰ ਸ਼ਹਾਦਤ ਦਾ ਚਾਅ ਚੜ੍ਹਿਆ ਹੋਇਆ ਸੀ ਅਤੇ ਦੁਸ਼ਮਣ ਨੂੰ ਅੱਗੇ ਲਾ ਕੇ ਭਜਾ ਰਹੇ ਸਨ।



follow us on /anandpurwaasi




# ਸ਼ਹੀਦੀ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ

ਬਾਬਾ ਜੁਝਾਰ ਸਿੰਘ ਦੀ ਮਾਰੀ ਮਾਰ ਤੋਂ ਵੈਰੀ ਟਾਕਰਾ ਕਰਨੋ ਹਟ ਗਏ ਸਨ ਅਤੇ ਜਾਨ ਬਚਾ ਕੇ ਭੱਜਣ ਲੱਗੇ, ਆਖਰ ਦੁਸ਼ਮਣ ਨੇ ਘੇਰਾ ਪਾਇਆ ਅਤੇ ਬਾਬਾ ਜੁਝਾਰ ਸਿੰਘ ਜੀ ਪੰਜ ਸਿੰਘਾਂ ਸਮੇਤ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਇਹ ਵੇਖ ਕੇ ਗੁਰੂ ਕਲਗੀਧਰ ਜੀ ਨੇ ਉੱਚੀ ਆਵਾਜ਼ ਵਿਚ ਜੈਕਾਰਾ ਗਜਾਇਆ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਇਹ ਮਹਾਨ ਸਾਕਾ 8 ਪੋਹ 1761 ਬਿਕ੍ਰਮੀ (22 ਦਿਸੰਬਰ 1704 ਈਸਵੀ) ਨੂੰ ਵਾਪਰਿਆ। ਬਾਬਾ ਜੀ ਦੀ ਸ਼ਹੀਦੀ ਵੇਲੇ ਸ਼ਾਮਾਂ ਪੈ ਗਈਆਂ ਸਨ।ਵੈਰੀ ਸੋਚਦੇ ਸੀ ਕਿ ਹੁਣ ਗੁਰੂ ਜੀ ਅੰਦਰ ਇੱਕਲੇ ਰਹਿ ਗਏ ਹਨ ਹੁਣ ਕੋਈ ਔਖਾ ਨਹੀਂ ਉਹਨਾਂ ਨੂੰ ਫੜਨਾ ਪਰ ਹਲੇ ਤਾਂ ਅੰਦਰ 11 ਸਿੰਘ ਬਾਕੀ ਸਨ ਜੋ ਦੁਸ਼ਮਣ ਦੀ ਮੌਤ ਦੀ ਨਿਆਈਂ ਸਨ।

(8 ਪੋਹ ਦੀ ਰਾਤ) ਬਾਕੀ ਅਗਲੇ ਅੰਕ ਵਿਚ



follow us on /anandpurwaasi


8 ਪੋਹ (ਰਾਤ)
@anandpurwaasi
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਖ਼ਾਲਸੇ ਨੂੰ ਗੁਰਿਆਈ ਬਖਸ਼ਣੀ ਅਤੇ
ਚਮਕੌਰ ਗੜ੍ਹੀ ਛੱਡਣੀ
8 ਪੋਹ ਦੀ ਰਾਤ ਮਾਛੀਵਾੜੇ ਦੇ ਜੰਗਲਾਂ ਵਿਚ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

## 8 ਪੋਹ (ਰਾਤ)



ਵਜ਼ੀਰ ਖਾਨ ਸੋਚਦਾ ਸੀ ਕਿ ਅੰਦਰ ਗੁਰੂ ਜੀ ਇਕੱਲੇ ਹਨ ਸੋ ਜ਼ੋਰਦਾਰ ਹੱਲਾ ਬੋਲਿਆ ਗਿਆ। ਅੰਦਰੋਂ ਸਿੰਘਾਂ ਨੇ ਤੀਰ ਅਤੇ ਗੋਲੀਆਂ ਵਰਸਾ ਦਿਤੀਆਂ, ਹਨੇਰੇ ਦਾ ਸਮਾਂ ਸੀ ਭੁਲੇਖੇ ਨਾਲ ਦੁਸ਼ਮਣ ਆਪਸ ਵਿਚ ਟਾਕਰੇ ਕਰਨ ਲੱਗ ਪਿਆ ਜਿਸ ਵਿਚ ਕਈ ਵੱਡੇ ਜਰਨੈਲ ਮਾਰੇ ਗਏ। ਆਪਣਾ ਨੁਕਸਾਨ ਹੁੰਦਾ ਵੇਖ ਕੇ ਹਮਲਾ ਰੋਕ ਦਿੱਤਾ ਗਿਆ। ਗੜ੍ਹੀ ਦਾ ਪਹਿਰਾ ਸਖਤ ਕਰ ਦਿਤਾ ਗਿਆ ਤਾਂ ਜੋ ਗੁਰੂ ਸਾਹਿਬ ਬਾਹਰ ਨਾ ਨਿਕਲ ਸਕਣ। ਅੰਦਰ ਗੁਰੂ ਸਾਹਿਬ 11 ਸਿੰਘਾਂ ਨਾਲ ਸ਼ਹੀਦੀ ਪਾਉਣ ਲਈ ਤਿਆਰ ਸਨ ਪਰ **ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ ਛੱਡਣ ਲਈ ਬੇਨਤੀਆਂ ਕੀਤੀਆਂ ਕਿ ਆਪ ਜੀ ਸਾਡੇ ਵਰਗੇ ਲੱਖਾਂ ਸਿੰਘ ਤਿਆਰ ਕਰ ਸਕਦੇ ਹੋ ਪਰ ਅਸੀਂ ਲੱਖਾਂ ਤੁਹਾਡੇ ਵਰਗੇ ਗੁਰੂ ਸਾਹਿਬ ਨਹੀਂ ਤਿਆਰ ਕਰ ਸਕਦੇ।** ਪਰ ਗੁਰੂ ਸਾਹਿਬ ਨਹੀਂ ਮੰਨ ਰਹੇ ਸਨ ਤਾਂ ਸਿੰਘਾਂ ਨੇ ਆਪਸ ਵਿਚ ਗੁਰਮਤਾ ਕੀਤਾ ਅਤੇ ਪੰਜ ਪਿਆਰਿਆਂ ਦੇ ਰੂਪ ਵਿਚ ਗੁਰੂ ਸਾਹਿਬ ਕੋਲ ਆਏ।

1

follow us on /anandpurwaasi

## 8 ਪੋਹ (ਰਾਤ)



ਪੰਜ ਸਿੰਘ ਭਾਈ ਦਇਆ ਸਿੰਘ, ਧਰਮ ਸਿੰਘ ਜੀ, ਮਾਨ ਸਿੰਘ ਜੀ, ਸੰਗਤ ਸਿੰਘ ਜੀ ਅਤੇ ਸੰਤ ਸਿੰਘ ਜੀ ਪੰਜ ਪਿਆਰਿਆਂ ਦੇ ਰੂਪ ਵਿਚ ਕਹਿਣ ਲੱਗੇ ਕਿ ਆਪ ਦਾ ਹੁਕਮ ਹੈ ਕਿ ਪੰਜਾਂ ਵਿਚ ਪਰਮੇਸਰ ਦਾ ਵਾਸਾ ਹੁੰਦਾ ਹੈ ਅਤੇ ਜੋ ਪੰਜ ਸਿੰਘ ਆਗਿਆ ਕਰਨ ਹਰੇਕ ਨੂੰ ਮੰਨਣੀ ਪਵੇਗੀ ਸੋ **ਪੰਥ ਦੀ ਆਗਿਆ ਹੈ ਕਿ ਆਪ ਜੀ ਗੜ੍ਹੀ ਛੱਡ ਕੇ ਸਹੀ ਸਲਾਮਤ ਨਿਕਲ ਜਾਵੋ**। ਗੁਰੂ ਜੀ ਨੇ ਆਖਿਆ ਸਤਿ ਬਚਨ ਖ਼ਾਲਸਾ ਜੀ! ਪਰ ਮੇਰੀ ਸ਼ਰਤ ਹੈ ਕਿ ਮੈਂ ਚੁੱਪ ਚਪੀਤੇ ਨਹੀਂ ਜਾਵਾਂਗਾ ਦੁਸ਼ਮਣਾਂ ਨੂੰ ਵੰਗਾਰ ਕੇ ਜਾਵਾਂਗਾ ਮਤਾਂ ਕੋਈ ਕੱਲ ਨੂੰ ਆਖੇ ਕਿ ਗੁਰੂ ਗੋਬਿੰਦ ਸਿੰਘ ਡਰਦਾ ਹੋਇਆ ਹਨੇਰੇ ਵਿਚ ਭੱਜ ਗਿਆ ਹੈ। ਤਾਂ ਸਿੰਘਾਂ ਨੇ ਕਿਹਾ ਜਿਵੇਂ ਆਪ ਜੀ ਦੀ ਇੱਛਾ ਪਰ ਆਪ ਜੀ ਚਲੇ ਜਾਵੋ। ਇਹ ਪਹਿਲੀ ਵਾਰ ਸੀ ਜਦੋਂ ਗੁਰੂ ਜੀ ਨੇ ਸਿੰਘਾਂ ਦੇ ਗੁਰਮਤੇ ਅੱਗੇ ਸੀਸ ਨਿਵਾਇਆ।



follow us on /anandpurwaasi

**8 ਪੋਹ (ਰਾਤ)**



# ਖ਼ਾਲਸੇ ਨੂੰ ਗੁਰੂ ਥਾਪਣਾ

ਜਾਣ ਤੋਂ ਪਹਿਲਾਂ ਗੁਰੂ ਜੀ ਨੇ ਆਪਣੀ ਸ਼ਾਹੀ ਪੁਸ਼ਾਕ ਅਤੇ ਜਿਗ੍ਹਾ ਕਲਗੀ ਭਾਈ ਸੰਗਤ ਸਿੰਘ (ਕਈ ਥਾਵਾਂ ਤੇ ਭਾਈ ਸੰਤ ਸਿੰਘ ਲਿਖਿਆ ਹੈ) ਜੀ ਦੇ ਦੁਮਾਲੇ ਉਪਰ ਸਜਾਈ ਜਿੰਨ੍ਹਾਂ ਦਾ ਚਿਹਰਾ ਮੋਹਰਾ ਬਿਲਕੁਲ ਗੁਰੂ ਸਾਹਿਬ ਨਾਲ ਰਲਦਾ ਸੀ, **ਉਹਨਾਂ ਦੇ ਪੂਰੇ ਸ਼ਸਤ੍ਰ ਸਜਾ ਕੇ ਤਿੰਨ ਪ੍ਰਕਰਮਾ** ਕੀਤੀਆਂ ਅਤੇ ਬਚਨ ਕੀਤੇ ਕਿ ਅੱਜ ਤੋਂ ਖ਼ਾਲਸਾ ਗੁਰੂ, ਗੁਰੂ ਖ਼ਾਲਸਾ ਹੋਇਆ ਹੈ। ਪਰ ਖਾਲਸੇ ਨੇ ਤਾਂ ਵੀ ਮਾਣ ਨਹੀਂ ਕੀਤਾ ਤੇ ਕਿਹਾ ਅਸੀਂ ਨੀਵੇਂ ਅਤੇ ਲਿਤਾੜੇ ਹੋਏ ਸਾਂ ਪਰ ਇਹ ਤੁਹਾਡੀ ਵਡਿਆਈ ਹੈ ਜੋ ਗਰੀਬਾਂ ਨੂੰ ਏਡਾ ਵੱਡਾ ਮਾਣ ਬਖਸ਼ਿਆ ਹੈ। ਇਹ ਮਾਣ ਪਾ ਕੇ ਸਾਰੇ ਸਿੰਘਾਂ ਨੇ ਗੁਰੂ ਜੀ ਅੱਗੇ ਸੀਸ ਨਿਵਾਇਆ।



follow us on /anandpurwaasi

8 ਪੋਹ (ਰਾਤ)



# ਅੰਤਿਮ ਵਾਰ ਸਿੰਘਾਂ ਨੂੰ ਮਿਲਣਾ

ਹੁਣ ਗੁਰੂ ਜੀ ਨੇ ਸਾਰਾ ਕੁਝ ਸਿੰਘਾਂ ਨੂੰ ਸਮਝਾ ਦਿਤਾ ਸੀ ਕਿ ਕਿਵੇਂ ਬਾਹਰ ਨਿਕਲਣਾ ਹੈ। ਗੁਰਮਤੇ ਅਨੁਸਾਰ ਗੁਰੂ ਜੀ ਦੇ ਨਾਲ ਤਿੰਨ ਸਿੰਘ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਭਾਈ ਮਾਨ ਸਿੰਘ ਜੀ ਨੇ ਵੀ ਗੜ੍ਹੀ ਚੋਂ ਨਿਕਲਣਾ ਸੀ। ਸਾਰੀ ਵਿਓਂਤ ਸਿੰਘਾਂ ਨੂੰ ਸਮਝਾ ਕੇ ਗੁਰੂ ਜੀ ਨੇ ਸਭ ਨੂੰ ਵਾਰੋ ਵਾਰੀ ਘੁੱਟ ਕੇ ਗਲ਼ ਨਾਲ ਲਾਇਆ, ਮੱਥੇ ਚੁੰਮੇ, ਹੱਥ ਚੁੰਮੇ, ਆਪਣੇ ਪਿਆਰਿਆਂ ਨੂੰ ਬੇਅੰਤ ਲਾਡ ਲਡਾਇਆ ਅਤੇ ਫਿਰ ਭਾਈ ਸੰਗਤ ਸਿੰਘ ਜੀ ਨੂੰ ਆਪਣੀ ਜਗ੍ਹਾ ਗੜ੍ਹੀ ਦੀ ਅਟਾਰੀ ਵਿਚ ਬਿਠਾ ਦਿੱਤਾ। ਹੁਣ ਪੂਰੀ ਤਿਆਰੀ ਹੋ ਚੁੱਕੀ ਸੀ। ਸਾਰੇ ਹੀ ਸਿੰਘ ਤਿਆਰ ਬਰ ਤਿਆਰ ਸਨ।



follow us on /anandpurwaasi

## 8 ਪੋਹ (ਰਾਤ)

ਪਾਤਸ਼ਾਹ ਨੇ ਅੱਧੀ ਰਾਤ ਨੂੰ ਬੁਰਜ ਉਪਰ ਖਲੋ ਕੇ ਨਰਸਿੰਘਾ ਵਜਾਇਆ ਅਤੇ ਤਿੰਨ ਸਿੰਘਾਂ ਨਾਲ ਗੜ੍ਹੀ ਵਿਚੋਂ ਨਿਕਲੇ ਜਿਥੇ ਹੁਣ ਗੁ. ਤਾੜੀ ਸਾਹਿਬ ਹੈ ਉਥੇ ਖਲੋ ਕੇ ਉੱਚੀ ਤਿੰਨ ਵਾਰ ਤਾੜੀ ਮਾਰੀ ਅਤੇ ਗਰਜਵੀਂ ਅਵਾਜ ਵਿਚ ਤਿੰਨ ਵਾਰ ਕਿਹਾ

"ਪੀਰ ਏ ਹਿੰਦ ਮੇ ਰਵਦ, ਪੀਰ ਏ ਹਿੰਦ ਮੇ ਰਵਦ, ਪੀਰ ਏ ਹਿੰਦ ਮੇ ਰਵਦ"



ਭਾਵ ਹਿੰਦ ਦਾ ਪੀਰ ਗੜ੍ਹੀ ਵਿਚੋਂ ਨਿਕਲ ਚਲਿਆ ਹੈ ਜੇ ਕਿਸੇ ਵਿਚ ਜੁਅਰਤ ਹੈ ਤਾਂ ਪਕੜ ਲਵੇ।

ਜਦੋਂ ਗੁਰੂ ਜੀ ਨੇ ਇਹ ਬਚਨ ਆਖੇ ਤਾਂ ਵਿਓਂਤ ਅਨੁਸਾਰ ਗੜ੍ਹੀ ਵਿਚਲੇ ਸਿੰਘਾਂ ਨੇ ਧੌਂਸਿਆਂ ਉਪਰ ਚੋਟਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ, ਜੈਕਾਰਿਆਂ ਦੇ ਨਾਲ ਤੀਰ ਛੱਡਣ ਲੱਗੇ ਜਿਸ ਨਾਲ ਦੁਸ਼ਮਣ ਦਲ ਅੰਦਰ ਭਗਦੜ ਮੱਚ ਗਈ। ਉਹਨਾਂ ਨੂੰ ਲੱਗਾ ਕਿ ਸਿੰਘਾਂ ਨੇ ਹਮਲਾ ਕਰ ਦਿਤਾ ਹੈ। ਅਸਮਾਨ ਵਿੱਚ ਬੱਦਲ ਸਨ ਹਨੇਰੀ ਚੱਲ ਪਈ ਅਤੇ ਤੁਰਕ ਸੈਨਾ ਆਪਸ ਵਿਚ ਕੱਟ ਵੱਢ ਕੇ ਮਰਨ ਲੱਗੀ ਅਤੇ ਸਵੇਰ ਹੋਣ ਤੱਕ ਇਹ ਸਿਲਸਿਲਾ ਚੱਲਦਾ ਰਿਹਾ। ਦੂਜੇ ਪਾਸੇ ਜੋ ਗੁਰੂ ਜੀ ਦੇ ਰਾਹ ਅੜਿਆ ਉਹ ਝਟਕਿਆ ਗਿਆ।

**ਗੁਰੂ ਜੀ ਆਪਣੇ ਨਿਸ਼ਾਨੇ ਵੱਲ ਵਧਣ ਲੱਗੇ** 5

follow us on /anandpurwaasi

# 8 ਪੋਹ (ਰਾਤ) ਤਾੜੀ ਮਾਰਨ ਪਿੱਛੋਂ ਤੁਰਕ ਸੈਨਾ ਦਾ ਹਸ਼ਰ

ਕਵੀ ਭਾਈ ਸੰਤੋਖ ਸਿੰਘ ਜੀ ਅਨੁਸਾਰ, ਗੁਰਦੇਵ ਜੀ ਨੇ ਜਦੋਂ ਤਾੜੀ ਮਾਰ ਕੇ ਕਿਹਾ ਕਿ ਪੀਰ-ਏ-ਹਿੰਦ ਮੇ ਰਵਦ ਤੇ ਉੱਧਰੋਂ ਗੜ੍ਹੀ 'ਚੋਂ ਤੀਰ ਚੱਲੇ ਤੇ ਧੌਂਸੇ ਵੱਜੇ ਤਦੋਂ ਫੌਜ ਵਿੱਚ ਬੜਾ ਹਾਹਾਕਾਰ ਦਾ ਕੁਲਾਹਲ ਮਚ ਗਿਆ। ਸੂਰਮੇ ਆਪਸ ਵਿੱਚ ਭਿੜ ਪਏ ਤੇ ਬਹੁਤ ਹਥਿਆਰ ਚੱਲੇ।ਬੰਦੂਕਾਂ ਤੇ ਤੀਰ ਚੱਲੇ।ਤੁਰਕ, ਤਲਵਾਰਾਂ ਹੱਥਾਂ ਵਿੱਚ ਫੜ ਕੇ ਇੱਕ ਦੂਜੇ ਨੂੰ ਮਾਰਨ ਲੱਗ ਪਏ।ਹਨ੍ਹੇਰੇ ਵਿੱਚ ਭਗਦੜ ਮਚ ਜਾਣ ਕਾਰਣ ਪਿਤਾ ਆਪਣੇ ਹੀ ਪੁੱਤਰ ਦੇ ਸਿਰ ਵਿੱਚ ਤਲਵਾਰ ਮਾਰਨ ਲੱਗ ਪਿਆ ਤੇ ਪੁੱਤਰ ਆਪਣੇ ਹੀ ਪਿਤਾ ਦੇ ਸਰੀਰ ਤੇ ਤਲਵਾਰ ਦੇ ਵਾਰ ਕਰਨ ਲੱਗ ਪਿਆ। ਭਰਾ, ਭਰਾ ਨੂੰ ਮਾਰਨ ਲੱਗ ਪਿਆ, ਚਾਚਾ, ਭਤੀਜੇ ਨੂੰ ਤੇ ਦੋਸਤ, ਦੋਸਤ ਨੂੰ ਮਾਰਨ ਵਿੱਚ ਰੁੱਝ ਗਏ। ਐਸੀ ਭਗਦੜ ਵਿੱਚ ਕਿਸੇ ਜਥੇਦਾਰ ਨੇ ਸਿਪਾਹੀ ਮਾਰ ਦਿੱਤਾ ਕਿਸੇ ਸਿਪਾਹੀ ਨੇ ਜਥੇਦਾਰ ਨੂੰ ਮਾਰ ਮੁਕਾਇਆ। ਉਸ ਸਮੇਂ ਰਾਤ ਦੇ ਅੰਧੇਰੇ ਵਿੱਚ ਕੋਈ ਕਿਸੇ ਨੂੰ ਪਛਾਣਦਾ ਨਹੀਂ ਸੀ ਮਾਨੋਂ ਤੁਰਕਾਂ ਉੱਪਰ ਇਹ ਕਿਆਮਤ ਦੀ ਰਾਤ ਸੀ। ਕਿਸੇ ਨੇ ਕਿਸੇ ਦਾ ਸਿਰ ਵੱਢ ਦਿੱਤਾ ਕਿਸੇ ਨੇ ਕਿਸੇ ਦੀ ਬਾਂਹ ਤੇ ਹੱਥ ਝਾੜ ਦਿੱਤੇ। ਕਈ ਪੈਰਾਂ ਹੇਠ ਦਰੜੇ ਗਏ ਤੇ ਉੱਚੀ ਉੱਚੀ ਪੁਕਾਰ ਕੇ ਚੀਕਾਂ ਮਾਰਨ ਲੱਗੇ। ਜੋ ਤੁਰਕਾਂ ਦੀ ਦਸ਼ਾ ਹੋਈ ਉਸ ਨੂੰ ਹੋਰ ਕੀ ਬਿਆਨ ਕਰਾਂ, ਮੂਰਖ ਬਿਨਾਂ ਮਾਰੇ ਹੀ ਆਪਸ ਵਿੱਚ ਲੜ ਕੇ ਮਰ ਗਏ।



follow us on /anandpurwaasi

# 8 ਪੋਹ (ਰਾਤ)




ਜਦੋਂ ਗੁਰੂ ਜੀ ਗੜ੍ਹੀ ਵਿਚੋਂ ਨਿਕਲੇ ਤਾਂ ਆਪ ਜੀ ਤਿੰਨ ਸਿੰਘਾਂ ਨੂੰ ਅਕਾਸ਼ੀ ਤਾਰੇ ਦੀ ਸੇਧ ਵਿਚ ਤੁਰਨ ਲਈ ਕਿਹਾ ਅਤੇ ਕਿਹਾ ਜੇ ਕਰਤਾਰ ਨੇ ਚਾਹਿਆ ਤਾਂ ਦੁਬਾਰਾ ਮੇਲ ਹੋਣਗੇ। ਤੁਰਨ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਚਰਨਾਂ ਦਾ ਜੋੜਾ ਲਾਹ ਦਿੱਤਾ ਸੀ ਤਾਂ ਕਿ ਕਿਸੇ ਵੀ ਸ਼ਹੀਦ ਸਿੰਘ ਦੇ ਪਾਵਨ ਕੇਸਾਂ ਅਤੇ ਸਰੀਰ ਨੂੰ ਨਾ ਲੱਗੇ। ਅਤਿ ਦੀ ਠੰਡ, ਕੋਰੇ ਨਾਲ ਲੱਦੀ ਧਰਤੀ, ਕੰਡਿਆਲੀਆਂ ਝਾੜੀਆਂ ਵਿਚ ਦੀ ਲੰਘਦੇ ਆਪ ਜੀ ਦਾ ਜਾਮਾ ਲੀਰੋ ਲੀਰ ਹੋ ਗਿਆ ਅਤੇ ਪੈਰਾਂ ਵਿਚੋਂ ਲਹੂ ਵਗ ਰਿਹਾ ਸੀ, ਛਾਲੇ ਪੈ ਗਏ ਸਨ। ਦੋ ਪੁੱਤਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਚੁਕੇ ਸਨ ਪਰ ਮੱਥੇ ਉਪਰ ਭੋਰਾ ਵੀ ਸ਼ਿਕਨ ਨਹੀਂ ਸੀ। ਆਪ ਜੀ ਨੇ ਲਗਾਤਾਰ 6,7,8 ਪੋਹ ਦੇ ਦਿਨ ਰਾਤ ਜਾਗਦਿਆਂ ਨੇ ਲੰਘਾਏ ਸਨ ਨਾ ਹੀ ਅੰਨ ਜਲ ਛਕਿਆ ਸੀ।



follow us on /anandpurwaasi

## 8 ਪੋਹ (ਰਾਤ)



ਆਪ ਜੀ ਨੇ 6 ਘੰਟੇ ਤੋਂ ਵੱਧ ਸਮਾਂ ਪੈਦਲ ਨੰਗੇ ਪੈਰੀਂ ਸਫ਼ਰ ਕੀਤਾ ਅਤੇ ਮਾਛੀਵਾੜੇ ਦੇ ਜੰਗਲ ਵਿਚ ਪਹੁੰਚ ਗਏ, ਇਥੇ ਇਕ ਬਾਗ ਦੇ ਖੂਹ ਵਿਚੋਂ ਟਿੰਡ ਖੋਲ ਕੇ ਜਲ ਛਕਿਆ ਅਤੇ ਉਸੇ ਟਿੰਡ ਨੂੰ ਸੀਸ ਹੇਠਾਂ ਰੱਖ ਕੇ ਲੇਟ ਗਏ। ਪਿਆਰੇ ਪੁੱਤਰ ਅਤੇ ਸਿੰਘ ਧਰਮ ਤੋਂ ਵਾਰ ਕੇ ਮਖ਼ਮਲੀ ਬਸਤਰਾਂ ਤੇ ਬਿਰਾਜਣ ਵਾਲੇ ਬਾਜਾਂ ਤਾਜਾਂ ਵਾਲੇ ਸਤਿਗੁਰੂ ਅੱਜ ਬਿਨਾ ਕਿਸੇ ਵਸਤ੍ਰ ਤੋਂ ਜੰਗਲਾਂ ਵਿਚ ਰੋੜਾਂ ਉਪਰ ਸੁੱਤੇ ਪਏ ਹਨ। ਤਾਰੇ ਦੀ ਸੇਧ ਲੈਂਦੇ ਹੋਏ ਅੰਮ੍ਰਿਤ ਵੇਲੇ ਤਿੰਨੇ ਸਿੰਘਾਂ ਨੂੰ ਗੁਰੂ ਜੀ ਮਿਲ ਗਏ। ਗੁਰੂ ਜੀ ਨੇ ਪਿਆਰੇ ਪਰਮੇਸ਼ੁਰ ਨੂੰ ਕੋਈ ਮੇਹਣਾ ਨਹੀਂ ਦਿੱਤਾ ਸਗੋਂ ਸ਼ਬਦ ਉਚਾਰਿਆ

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣੁ ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਣਾ ॥



follow us on /anandpurwaasi




## ਗੁਰੂ ਪਰਿਵਾਰ ਗੰਗੂ ਬ੍ਰਾਹਮਣ ਦੇ ਘਰ

ਦੂਜੇ ਪਾਸੇ ਕੁੰਮੇ ਮਾਸ਼ਕੀ ਦੀ ਝੋਪੜੀ ਤੋਂ ਚੱਲ ਕੇ 8 ਪੋਹ ਦੀ ਰਾਤ ਮਾਤਾ ਗੁਜਰੀ ਜੀ ਨੇ ਗੰਗੂ ਦੇ ਘਰ ਬਿਤਾਈ ਜਿਥੇ ਮਾਤਾ ਜੀ ਨੇ ਰਹਿਰਾਸ ਦਾ ਪਾਠ ਕਰਨ ਉਪਰੰਤ ਸਾਹਿਬਜ਼ਾਦਿਆਂ ਨੂੰ ਨੌਂਵੇਂ ਪਾਤਸ਼ਾਹ ਦੀ ਸ਼ਹੀਦੀ ਵਾਲੀ ਸਾਖੀ ਸੁਣਾਈ ਅਤੇ ਰਾਤ ਨੂੰ ਜਦੋਂ ਸਾਹਿਬਜ਼ਾਦੇ ਸੌਂ ਗਏ ਪਰ ਮਾਤਾ ਜੀ ਜਾਗ ਰਹੇ ਸਨ ਸਿਰਫ ਲੰਮੇ ਪਏ ਹੋਏ ਸਨ ਉਸਨੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ। ਜਿਹੜੇ ਲਾਲਚ ਨੂੰ ਇਹ ਮਾਤਾ ਜੀ ਅਤੇ ਬੱਚਿਆਂ ਨੂੰ ਘਰ ਲਿਆਇਆ ਸੀ ਉਹ ਕੰਮ ਇਸਨੇ ਕਰ ਲਿਆ ਸੀ।

* ਬਾਕੀ ਅਗਲੇ ਅੰਕ ਵਿਚ *



follow us on /anandpurwaasi


9 ਪੋਹ
@anandpurwaasi
* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਚਮਕੌਰ ਦੀ ਗੜ੍ਹੀ ਅੰਦਰ ਭਾਈ ਸੰਗਤ ਸਿੰਘ
ਅਤੇ ਬਾਕੀ ਬਚੇ ਸਿੰਘਾਂ ਦੀ ਸ਼ਹੀਦੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

## ੯ ਪੋਹ



ਕਿਆਮਤ ਦੀ ਰਾਤ ਬੀਤੀ, 9 ਪੋਹ ਦਾ ਦਿਨ ਚੜ੍ਹਿਆ, ਬਚੇ ਜਰਨੈਲ, ਜੋ ਰਾਤ ਦੀ ਕੱਟ-ਵੱਢ ਤੋਂ ਘਬਰਾਏ ਹੋਏ ਸਨ, ਨੇ ਮਤਾ ਪਕਾਇਆ ਕਿ ਹੁਣ ਚਾਰੋਂ ਪਾਸਿਆਂ ਤੋਂ ਪੌੜੀਆਂ ਉੱਪਰ ਚੜ੍ਹ ਕੇ ਗੜ੍ਹੀ ਦੇ ਅੰਦਰ ਵੜ ਜਾਵੋ ਤੇ ਗੁਰੂ ਨੂੰ ਜ਼ਿੰਦਾ ਪਕੜ ਲਵੋ ਜਾਂ ਮਾਰ ਦੇਵੋ। ਤੁਰਕਾਂ ਨੇ ਦੁਪਹਿਰ ਤੱਕ ਸਾਰਾ ਸਾਜੋ ਸਮਾਨ ਇਕੱਠਾ ਕਰਕੇ ਚੁਫੇਰੇ ਤੋਂ ਪੂਰੀ ਤਿਆਰੀ ਨਾਲ ਸਤਿਗੁਰੂ ਜੀ ਨੂੰ ਪਕੜਨ ਲਈ ਪੂਰੀ ਤਾਕਤ ਨਾਲ ਗੜ੍ਹੀ ਤੇ ਹਮਲਾ ਬੋਲ ਦਿੱਤਾ। ਜਦ ਇਹ ਗੜ੍ਹੀ ਵਿੱਚ ਦਾਖਲ ਹੋਣ ਲਈ ਪਉੜੀਆਂ ਉੱਪਰ ਚੜ੍ਹੇ, ਭਾਈ ਸੰਗਤ ਸਿੰਘ ਜੀ ਗੁਰਦੇਵ ਜੀ ਦੇ ਹੁਕਮ ਅਨੁਸਾਰ ਜੋ ਰਾਖਵੇਂ ਤੀਰ ਸਨ, ਉਹ ਤੀਰ ਅਟਾਰੀ ਤੋਂ ਚਲਾ ਕੇ ਦੂਰ ਦੂਰ ਤੱਕ ਤੁਰਕਾਂ ਨੂੰ ਧਰਤੀ ਤੇ ਲਿਟਾਈ ਜਾਂਦੇ।ਬਾਕੀ ਸਿੰਘ ਗੜ੍ਹੀ ਦੀਆਂ ਕੰਧਾਂ ਉੱਪਰ ਨੇਜੇ-ਭਾਲੇ ਤਲਵਾਰਾਂ ਲੈ ਕੇ ਚੜ੍ਹ ਗਏ।ਸਿੰਘਾਂ ਸਾਹਮਣੇ ਜਿਸ ਵੀ ਮੁਗਲ ਨੇ ਗੜ੍ਹੀ ਦੀ ਕੰਧ ਤੋਂ ਆਪਣਾ ਸਿਰ ਉੱਚਾ ਕੀਤਾ, ਸਿੰਘਾਂ ਉਸ ਦਾ ਸਿਰ ਵੱਢ ਸੁੱਟਿਆ ਜਿਸ ਪੌੜੀ ਨੂੰ ਹੱਥ ਪਾਏ ਉਸ ਦੇ ਹੱਥ ਛਾਂਗ ਦਿੱਤੇ। ਕਿਉਂਕਿ ਸਿੰਘਾਂ ਨੂੰ ਯਕੀਨ ਸੀ ਕਿ ਸਾਡੀ ਸ਼ਹਾਦਤ ਤਾਂ ਅਵੱਸ਼ ਲਾਜ਼ਮੀ ਹੈ।ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲਾਂ ਜਿੰਨੇ ਅਧਰਮੀਆਂ-ਕਸਮਾਂ ਤੋੜਨ ਵਾਲਿਆਂ ਦਾ ਸਫ਼ਾਇਆ ਕੀਤਾ ਜਾ ਸਕੇ, ਇਸੇ ਵਿੱਚ ਹੀ ਸਾਡੀ ਬਹਾਦਰੀ ਹੈ। ਸਾਰੇ ਸੂਰਮੇ ਬਹਾਦਰੀ ਦੇ ਜੌਹਰ ਵਿਖਾਉਂਦੇ ਇੱਕ-ਇੱਕ ਕਰਕੇ ਸ਼ਹਾਦਤ ਦਾ ਜਾਮ ਪੀ ਗਏ।

1

follow us on /anandpurwaasi




ਸਾਰੇ ਸਿੰਘਾਂ ਦੀ ਸ਼ਹਾਦਤ ਤੋਂ ਬਾਦ ਹੀ ਤੁਰਕ ਸੈਨਾ ਚਮਕੌਰ ਦੀ ਗੜ੍ਹੀ ਵਿੱਚ ਪੈਰ ਧਰਨ ਦੇ ਯੋਗ ਹੋ ਸਕੀ। ਜਦ ਪੌੜੀਆਂ ਲਗਾ ਕੇ ਅੰਦਰ ਵੜੇ ਤਾਂ ਕੀ ਦੇਖਦੇ ਹਨ ਸਭ ਸਿੰਘ ਸ਼ਹੀਦੀਆਂ ਪਾ ਗਏ ਹਨ। ਭਾਈ ਸੰਗਤ ਸਿੰਘ ਦੇ ਸੀਸ ਤੇ ਲੱਗੀ ਕਲਗੀ ਨੂੰ ਤੱਕ ਵੈਰੀ ਬੜਾ ਖੁਸ਼ ਹੋਇਆ ਕਿ ਅਸੀਂ ਗੁਰੂ ਗੋਬਿੰਦ ਸਿੰਘ ਨੂੰ ਮਾਰ ਲਿਆ ਹੈ। ਭਾਈ ਸੰਗਤ ਸਿੰਘ ਜੀ ਦਾ ਚਿਹਰਾ-ਮੋਹਰਾ ਵੀ ਕਲਗੀਧਰ ਜੀ ਨਾਲ ਬਹੁਤ ਮੇਲ ਖਾਂਦਾ ਸੀ। ਤੁਰਕਾਂ ਨੇ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਜਾਣ ਕੇ ਉਨ੍ਹਾਂ ਦੇ ਸ਼ਹੀਦ ਸਰੀਰ ਨਾਲੋਂ ਸਿਰ ਵੱਢ ਲਿਆ ਤੇ ਆਪਣੇ ਫੌਜੀ ਕੈਂਪ ਵਿੱਚ ਲਿਜਾ ਕੇ ਖੁਸ਼ੀ ਦੇ ਸ਼ਾਦੀਆਨੇ ਵਜਾ ਦਿੱਤੇ ਕਿ ਅਸੀਂ ਕਲਗੀਧਰ ਜੀ ਨੂੰ ਮਾਰ ਲਿਆ ਹੈ। ਕੁਝ ਚਿਰ ਤਾਂ ਤੁਰਕ ਸੈਨਾ ਆਪਣੀ ਜਿੱਤ ਦੇ ਸ਼ਾਦੀਆਨੇ ਵਜਾਉਂਦੀ ਰਹੀ।



follow us on /anandpurwaasi




ਪਹਾੜੀਏ ਰਾਜਾ ਅਜਮੇਰ ਚੰਦ ਨੂੰ, ਜੋ ਜ਼ਖਮੀ ਹੋ ਗਿਆ ਸੀ, ਲੈ ਕੇ ਵਿਦਾ ਹੋਣ ਦੀ ਤਯਾਰੀ ਵਿਚ ਲੱਗੇ। ਲਾਹੌਰ ਦਾ ਫੌਜਦਾਰ ਬੀ ਚਾਹੇ ਕੁਛ ਕੁਛ ਜ਼ਖਮੀ ਸੀ ਹੁਣ ਕੂਚ ਦੀ ਤਿਆਰੀ ਵਿਚ ਲੱਗਾ। ਦਿਨ ਭਰ ਇਕ ਹੋਰ ਕੰਮ ਹੁੰਦਾ ਰਿਹਾ। ਤੁਰਕ ਆਪਣੇ ਮੁਰਦਿਆਂ ਨੂੰ ਬੜੇ ਬੜੇ ਗੜ੍ਹੇ ਕੱਢਕੇ ਦੱਬਦੇ ਰਹੇ, ਸਿਖਾਂ ਦੀਆਂ ਲੋਥਾਂ ਦੀ ਕਿਸੇ ਸਾਰ ਨ ਲਈ। ਬਾਅਦ ਵਿਚ ਖਵਾਜਾ ਮਰਦੂਦ ਦੇ ਕਹਿਣ ਤੇ ਜਦੋਂ ਭਾਈ ਸੰਗਤ ਸਿੰਘ ਦਾ ਸੀਸ ਪਿੰਡ ਦੇ ਆਦਮੀਆਂ ਤੋਂ ਪੁਛਿਆ ਕਿ ਕੀ ਇਹ ਗੁਰੂ ਦਾ ਹੀ ਸੀਸ ਹੈ? ਤਾਂ ਇਹਨਾਂ ਨੇ ਕਿਹਾ ਕਿ ਕਿਸੇ ਸਿੰਘ ਦਾ ਸੀਸ ਹੈ ਗੁਰੂ ਜੀ ਦਾ ਨਹੀਂ। ਇਹ ਸੁਣਕੇ ਸਾਰੀ ਸਲਤਨਤ ਨੂੰ ਨਮੋਸ਼ੀ ਪੈ ਗਈ ਕਿ ਐਡੇ ਵੱਡੇ ਘੇਰੇ ਨਾਲ ਵੀ ਇਕ ਫਕੀਰ ਨੂੰ ਫੜ੍ਹ ਨਾ ਸਕੇ। ਸਾਰੇ ਪਾਸੇ ਹੁਕਮ ਭੇਜੇ ਗਏ ਕਿ ਜੋ ਗੁਰੂ ਜੀ ਨੂੰ ਆਪਣੇ ਘਰ ਪਨਾਹ ਦੇਵੇਗਾ ਟੱਬਰ ਸਮੇਤ ਘਾਣ ਬੱਚਾ ਪੀੜਿਆ ਜਾਵੇਗਾ। ਸਿਪਾਹੀ ਕੁੱਤਿਆਂ ਵਾਂਗੂ ਹਲਕਾਏ ਹੋਏ ਇਨਾਮ ਲੈਣ ਦੇ ਚਾਹਵਾਨ ਹਰ ਥਾਂ ਗੁਰੂ ਜੀ ਨੂੰ ਲੱਭਣ ਲੱਗੇ।



follow us on /anandpurwaasi

## ੭ ਪੋਹ

ਭਾਂਵੇਂ ਚਮਕੌਰ ਸਾਹਿਬ ਦੇ ਅਸਥਾਨ ਤੇ 51 ਸ਼ਹੀਦ ਸਿੰਘਾਂ ਦੇ ਨਾਂਵਾਂ ਦੀ ਸੂਚੀ ਲੱਗੀ ਹੋਈ ਹੈ ਪਰ ਗੁਰਦੇਵ ਪਿਤਾ ਜੀ ਨੇ ਵੀ ਜ਼ਫਰਨਾਮੇ ਵਿੱਚ ਚਾਲੀ ਸਿੰਘਾਂ ਦਾ ਜ਼ਿਕਰ ਕੀਤਾ ਹੈ। ਇਸ ਵਿੱਚ ਕੋਈ ਦੂਜੀ ਰਾਇ ਨਹੀਂ ਕਿ ਖਾਲਸੇ ਨੇ ਅਚੰਭੇ ਵਾਲਾ ਇਤਿਹਾਸ ਸਿਰਜਿਆ ਹੈ ਪਰ ਇਸ ਅਮੀਰ ਇਤਿਹਾਸ ਨੂੰ ਸੰਭਾਲਣ ਵਿੱਚ ਉਹ ਤਵੱਜੋਂ ਨਾ ਦਿੱਤੀ ਜਾ ਸਕੀ ਜਿਸ ਸ਼ਿੱਦਤ ਨਾਲ ਚਾਹੀਦੀ ਸੀ। ਫਿਰ ਵੀ ਬਹੁਤ ਸਾਰੇ ਇਤਿਹਾਸਕਾਰਾਂ ਨੇ ਇਸ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕੀਤਾ ਹੈ।ਇਤਿਹਾਸਕ ਸਰੋਤਾਂ ਵਿੱਚ ਚਮਕੌਰ ਸਾਹਿਬ ਦੇ ਇਹਨਾਂ ਸ਼ਹੀਦਾਂ ਦੀ ਗਿਣਤੀ ਅਤੇ ਨਾਵਾਂ ਵਿੱਚ ਭਾਂਵੇਂ ਫਰਕ ਹੈ।ਪਰ ਨਾਵਾਂ ਦੇ ਇਸ ਮਸਲੇ ਨੂੰ ਕਿਸੇ ਤਰਕ ਜਾਂ ਬਹਿਸ ਦਾ ਹਿੱਸਾ ਨਹੀਂ ਬਨਾਉਣਾ ਚਾਹੀਦਾ।ਉਂਞ ਪੁਖਤਾ ਇਤਿਹਾਸਕ ਸੰਭਾਲ ਲਈ ਇਹ ਵਿਸ਼ਾ ਖੋਜ ਦਾ ਮੁਥਾਜ ਜ਼ਰੂਰ ਹੈ। ਪ੍ਰੋ: ਪਿਆਰਾ ਸਿੰਘ 'ਪਦਮ' ਦੀ ਖੋਜ ਅਨੁਸਾਰ ਭੱਟ ਵਹੀਆਂ ਅਤੇ ਹੋਰ ਇਤਿਹਾਸਿਕ ਸ੍ਰੋਤਾਂ ਦੀ ਕਸਵੱਟੀ ਤੇ ਜੋ ਵੇਰਵਾ ਖਰਾ ਉੱਤਰਦਾ ਹੈ, ਉਸ ਅਨੁਸਾਰ ਇਸ ਮਹਾਨ ਯੁੱਧ ਵਿੱਚ "ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ" ਦੀ ਗਾਖੜੀ ਘਾਲ-ਕਮਾਈ ਕਰਕੇ "ਸ਼ਹੀਦ" ਦੀ ਅਮਰ ਪਦਵੀ ਨੂੰ ਪ੍ਰਾਪਤ ਕਰਨ ਵਾਲੇ ਗੁਰੂ ਪਿਆਰਿਆਂ (ਤਿੰਨ ਸਿੰਘ ਸਤਿਗੁਰੂ ਜੀ ਦੇ ਨਾਲ ਗੜ੍ਹੀ ਵਿੱਚੋਂ ਸਹੀ ਸਲਾਮਤ ਬਾਹਰ ਨਿੰਕਲ ਗਏ ਸਨ) ਦਾ ਵੇਰਵਾ ਇਸ ਪ੍ਰਕਾਰ ਹੈ:



follow us on /anandpurwaasi

# ਚਮਕੌਰ ਗੜ੍ਹੀ ਦੇ ਸ਼ਹੀਦ

1. ਸਾਹਿਬਜ਼ਾਦਾ ਅਜੀਤ ਸਿੰਘ ਜੀ
2. ਸਾਹਿਬਜ਼ਾਦਾ ਜੁਝਾਰ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ
6. ਭਾਈ ਫ਼ਤਹਿ ਸਿੰਘ ਜੀ
7. ਭਾਈ ਈਸ਼ਰ ਸਿੰਘ ਜੀ
8. ਭਾਈ ਟਹਿਲ ਸਿੰਘ ਜੀ
9. ਭਾਈ ਦੇਵਾ ਸਿੰਘ ਜੀ
10. ਭਾਈ ਦਾਨ ਸਿੰਘ ਜੀ
11. ਭਾਈ ਅਨਿਕ ਸਿੰਘ ਜੀ
12. ਭਾਈ ਅਜਬ ਸਿੰਘ ਜੀ
13. ਭਾਈ ਅਜਾਇਬ ਸਿੰਘ ਜੀ
14. ਭਾਈ ਕ੍ਰਿਪਾ ਸਿੰਘ ਜੀ
15. ਭਾਈ ਸਨਮੁੱਖ ਸਿੰਘ ਜੀ
16. ਭਾਈ ਨਾਨੂ ਸਿੰਘ ਜੀ
17. ਭਾਈ ਆਲਮ ਸਿੰਘ ਜੀ
18. ਭਾਈ ਅਮੋਲਕ ਸਿੰਘ ਜੀ
19. ਭਾਈ ਮੋਹਰ ਸਿੰਘ ਜੀ

ਧੰਨ ਗੁਰੂ ਧੰਨ ਗੁਰੂ ਪਿਆਰੇ

20. ਭਾਈ ਬੀਰ ਸਿੰਘ ਜੀ
21. ਭਾਈ ਮੁਕੰਦ ਸਿੰਘ ਜੀ
22. ਭਾਈ ਚੰਦਨ ਸਿੰਘ ਜੀ
23. ਭਾਈ ਧੰਨਾ ਸਿੰਘ ਜੀ
24. ਭਾਈ ਹਰਿਦਾਸ ਸਿੰਘ ਜੀ
25. ਭਾਈ ਕੀਰਤ ਸਿੰਘ ਜੀ
26. ਭਾਈ ਮਦਨ ਸਿੰਘ ਜੀ
27. ਭਾਈ ਕਾਠਾ ਸਿੰਘ ਜੀ
28. ਭਾਈ ਨਾਹਰ ਸਿੰਘ ਜੀ
29. ਭਾਈ ਸ਼ੇਰ ਸਿੰਘ ਜੀ
30. ਭਾਈ ਬਖਸ਼ਿਸ਼ ਸਿੰਘ ਜੀ
31. ਭਾਈ ਗੁਰਬਖ਼ਸ਼ਿਸ਼ ਸਿੰਘ ਜੀ
32. ਭਾਈ ਤੁਲਾ ਸਿੰਘ ਜੀ
33. ਭਾਈ ਮਾਹਲਾ ਸਿੰਘ ਜੀ
34. ਭਾਈ ਜਵੰਦ ਸਿੰਘ ਜੀ
35. ਭਾਈ ਧਿਆਨ ਸਿੰਘ ਜੀ
36. ਭਾਈ ਸੰਤ ਸਿੰਘ ਜੀ
37. ਭਾਈ ਸੰਤ ਸਿੰਘ ਜੀ ਬੰਗਸ਼ੇਰੀ
38. ਭਾਈ ਸੰਗਤ ਸਿੰਘ ਜੀ

ਸ੍ਰੋਤ- ਭੱਟ ਵਹੀਆਂ

@anandpurwaasi



follow us on /anandpurwaasi

# ੭ ਪੋਹ ਭਾਈ ਬਚਿਤ੍ਰ ਸਿੰਘ ਜੀ ਦੀ ਸ਼ਹੀਦੀ ਅਤੇ ਬੀਬੀ ਮੁਮਤਾਜ਼ ਦਾ ਸਿਦਕ

ਸਤਿਗੁਰੂ ਜੀ ਨੂੰ ਮੁਗਲ ਸਿਪਾਹੀ ਚੱਪੇ ਚੱਪੇ ਤੇ ਲੱਭਦੇ ਫਿਰਦੇ ਸਨ ਅਤੇ 7 ਪੋਹ ਨੂੰ ਗੁਰੂ ਜੀ ਕੋਟਲਾ ਨਿਹੰਗ ਖਾਂ ਤੋਂ ਚੱਲ ਕੇ ਚਮਕੌਰ ਦੀ ਗੜ੍ਹੀ ਵਿੱਚ ਚਲੇ ਗਏ ਸਨ। ਜਾਫਰ ਖਾਂ ਅਤੇ ਇਕ ਸਿਪਾਹੀ ਚੌਧਰੀ ਨਿਹੰਗ ਖਾਂ ਦੇ ਘਰੇ ਉਸ ਕਮਰੇ ਅੱਗੇ ਆ ਕੇ ਖਲੋ ਗਏ ਜਿਥੇ ਗੁਰੂ ਜੀ ਰੁਕੇ ਸਨ ਅਤੇ ਇਸੇ ਕਮਰੇ ਵਿਚ ਹੀ **ਭਾਈ ਬਚਿੱਤਰ ਸਿੰਘ ਜੀ ਜਖਮੀ ਹਾਲਤ ਵਿਚ ਪਏ ਅੰਤਿਮ ਸੁਆਸ ਲੈ ਰਹੇ ਸਨ** ਜੋ ਕਿ ਮਲਕਪੁਰ ਵਿਖੇ ਹੋਈ ਝੜਪ ਵਿਚ ਅਨੇਕਾਂ ਜਖਮ ਖਾ ਬੈਠੇ ਸਨ। **ਜਾਫ਼ਰ ਖਾਂ ਨੇ ਉਸ ਕਮਰੇ ਦੀ ਤਲਾਸ਼ੀ ਦੇਣ ਲਈ ਕਿਹਾ ਤਦੋਂ ਗੁਰੂ ਪਿਆਰਾ ਨਿਹੰਗ ਖਾਂ ਬੋਲਿਆ ਕਿ ਇਸ ਕਮਰੇ ਵਿੱਚ ਮੇਰੀ ਲੜਕੀ ਅਤੇ ਦਾਮਾਦ ਅਰਾਮ ਕਰ ਰਹੇ ਹਨ।** ਸੋ ਇਸ ਲਈ ਰਾਤ ਦੇ ਵਕਤ ਤਲਾਸ਼ੀ ਲੈਣਾ ਯੋਗ ਨਹੀਂ। ਚੌਧਰੀ ਨਿਹੰਗ ਖਾਂ ਦੀ ਇਸ ਗੱਲ ਤੇ ਯਕੀਨ ਕਰਕੇ ਜ਼ਾਫਰ ਖਾਂ ਖਿਮਾਂ ਮੰਗਦਾ ਹੋਇਆ ਉਥੋਂ ਰੁਖਸਤ ਹੋ ਗਿਆ ਅਤੇ ਕਹਿਣ ਲੱਗਾ ਕਿ ਸਾਡੇ ਤੱਕ ਪੁੱਜੀ ਖ਼ਬਰ ਵਾਕਿਆ ਹੀ ਗ਼ਲਤ ਸੀ, ਸੋ ਚੌਧਰੀ ਸਾਹਿਬ! ਬੇ-ਵਕਤੀ ਖੇਚਲ ਲਈ ਮੁਆਫ਼ ਕਰਨਾ। **ਉਧਰ ਗੁਰੂ ਚਰਨਾਂ ਦੀ ਭੌਰੀ ਅਤੇ ਸਿਦਕ ਦੀ ਮੂਰਤ ਬੀਬੀ ਮੁਮਤਾਜ਼ ਨੇ ਆਪਣੇ ਪਿਤਾ ਦੇ ਮੂੰਹੋਂ ਫੌਜਦਾਰ ਜ਼ਾਫਰ ਖਾਂ ਨੂੰ ਕਹੇ ਇਹ ਬੋਲ ਸੁਣੇ ਕਿ "ਅੰਦਰ ਮੇਰੀ ਲੜਕੀ ਅਤੇ ਦਾਮਾਦ ਅਰਾਮ ਕਰ ਰਹੇ ਹਨ" ਤਦੋਂ ਅੰਤਲੇ ਸਾਹ ਲੈ ਰਹੇ ਭਾਈ ਬਚਿੱਤ੍ਰ ਸਿੰਘ ਜੀ ਦੇ ਚਰਨਾਂ ਤੇ ਆਪਣਾ ਸਿਰ ਰੱਖ ਦਿੱਤਾ।**



follow us on /anandpurwaasi

੯ ਪੋਹ



## ਭਾਈ ਬਚਿਤ੍ਰ ਸਿੰਘ ਜੀ ਦੀ ਸ਼ਹੀਦੀ

ਤਿੰਨ ਦਿਨ ਸਾਰਾ ਪਰਿਵਾਰ ਅਤੇ ਬੀਬੀ ਮੁਮਤਾਜ਼, ਭਾਈ ਬਚਿੱਤਰ ਸਿੰਘ ਜੀ ਦੀ ਖਿਦਮਤ ਵਿੱਚ ਲੱਗੇ ਇਲਾਜ਼ ਕਰਦੇ ਰਹੇ ਪਰ ਗੁਰੂ ਭਾਣੇ ਵਿੱਚ ਜਿਸ ਦਿਨ ਉੱਧਰ ਚਮਕੌਰ ਵਿੱਚ ਸਾਰੇ ਸਿੰਘ ਜਾਮੇ-ਸ਼ਹਾਦਤ ਪੀ ਕੇ ਗੁਰੂ ਦਰਬਾਰ ਪੁੱਜੇ ਉੱਧਰ ਇਹ ਗੁਰੂ ਪਿਆਰਾ ਵੀ 23 ਦਸੰਬਰ 1704 ਮੁ: 9 ਪੋਹ 1761 ਬਿ: ਨੂੰ ਸੱਚਖੰਡ ਪਿਆਨਾ ਕਰ ਕੇ ਆਪਣੇ ਸ਼ਹੀਦ ਵੀਰਾਂ ਦੇ ਦਲ ਨਾਲ ਜਾ ਰਲਿਆ। ਚੌਧਰੀ ਨਿਹੰਗ ਖਾਂ ਨੇ ਭਾਈ ਗੁਰਸਾ ਸਿੰਘ ਅਤੇ ਭਾਈ ਬੱਗਾ ਸਿੰਘ ਜਿਹੇ ਗੁਰਸਿੱਖਾਂ ਨੂੰ ਸੱਦ ਕੇ ਇਨ੍ਹਾਂ ਰਾਹੀਂ ਆਪਣੀ ਹਵੇਲੀ ਦੇ ਪਿਛਵਾੜੇ ਖੂਹ ਨਜ਼ਦੀਕ ਭਾਈ ਸਾਹਿਬ ਦਾ ਅੰਤਿਮ ਸੰਸਕਾਰ ਕਰ ਦਿੱਤਾ। ਜਿੱਥੇ ਭਾਈ ਸਾਹਿਬ ਦੀ ਯਾਦ ਵਿੱਚ ਕੋਟਲਾ ਨਿਹੰਗ ਖਾਂ ਵਿਖੇ ਅਸਥਾਨ ਬਣਿਆ ਹੋਇਆ ਹੈ।



follow us on /anandpurwaasi

੭ ਪੋਹ

# ਬੀਬੀ ਮੁਮਤਾਜ ਦਾ ਸਿਦਕ

ਸਮਾਂ ਪਾ ਕੇ ਜਦ ਭਾਈ ਨਿਹੰਗ ਖਾਂ ਦੇ ਪਰਿਵਾਰ ਨੇ ਬੀਬੀ ਮੁਮਤਾਜ਼ ਦੇ ਨਿਕਾਹ ਦੀ ਗੱਲ ਚਲਾਈ ਤਦੋਂ ਉਸ ਸਿਦਕ ਦੀ ਮੂਰਤ, ਗੁਰੂ ਕੀ ਪਿਆਰੀ ਨੇ ਬੜੇ ਅਦਬ ਨਾਲ ਆਪਣੇ ਮਾਤਾ-ਪਿਤਾ ਨੂੰ ਕਿਹਾ ਕਿ ਅੱਬਾ ਜਾਨ! ਜਿਸ ਦਿਨ ਤੁਸੀਂ ਹਵੇਲੀ ਦੀ ਤਲਾਸ਼ੀ ਲੈਣ ਆਏ ਫੌਜਦਾਰ ਨੂੰ ਇਹ ਲਫਜ਼ ਬੋਲੇ ਸਨ ਕਿ "ਇਸ ਕਮਰੇ ਅੰਦਰ ਮੇਰੀ ਲੜਕੀ ਅਤੇ ਮੇਰਾ ਦਾਮਾਦ ਸੁੱਤੇ ਪਏ ਹਨ" ਮੈਂ ਤਾਂ ਉਸੇ ਦਿਨ ਹੀ ਭਾਈ ਬਚਿੱਤ੍ਰ ਸਿੰਘ ਜੀ ਨੂੰ ਆਪਣਾ ਪਤੀ ਮੰਨ ਲਿਆ ਸੀ। ਹੁਣ ਇੱਕ ਸ਼ਹੀਦ ਦੀ ਪਤਨੀ ਕਿਸੇ ਹੋਰ ਨੂੰ ਆਪਣਾ ਪਤੀ ਨਹੀਂ ਮੰਨ ਸਕਦੀ। ਇਤਿਹਾਸ ਦੱਸਦਾ ਹੈ ਕਿ ਇਸ ਬੀਬੀ ਨੇ ਤਕਰੀਬਨ 130 ਬਰਸ ਦੀ ਆਰਜ਼ੂ ਪੂਰੇ ਸਿਦਕ ਵਿੱਚ ਰਹਿੰਦਿਆਂ ਅੱਲ੍ਹਾ ਦੀ ਬੰਦਗੀ ਕਰਦਿਆਂ ਗੁਰੂ ਚਰਨਾਂ ਨਾਲ ਸੁਰਤ ਜੋੜ ਕੇ ਬਸਰ ਕੀਤੀ। ਇਸ ਅਸਥਾਨ ਤੇ ਅੱਜ ਕੱਲ ਬੀਬੀ ਮੁਮਤਾਜ਼ ਜੀ ਦੀ ਯਾਦ ਵਿੱਚ ਗੁਰਦੁਆਰਾ ਮੁਮਤਾਜ਼ ਸਾਹਿਬ ਉੱਸਰਿਆ ਹੋਇਆ ਹੈ ਜੋ ਇਸ ਸਿਦਕ ਦੀ ਮੂਰਤ ਦਾ ਕਲਗੀਧਰ ਜੀ ਦੇ ਚਰਨਾਂ ਨਾਲ ਨੇਹੁੰ ਦੀ ਦੱਸ ਪਾਉਂਦਾ ਸਾਡੇ ਲਈ ਪ੍ਰੇਰਨਾ ਸਰੋਤ ਹੈ। ਇਹ ਹੈ ਸਿਦਕ ਵਿੱਚ ਪੂਰੇ ਉੱਤਰੇ ਸਿਦਕੀਆਂ ਦੀ ਗਾਥਾ। ਇਸ ਨਿਹੰਗ ਖਾਂ ਦੇ ਪ੍ਰਵਾਰ ਦਾ ਸਬੰਧ ਗੁਰੂ-ਪਿਆਰ ਵਾਲੇ ਇਹਨਾਂ ਹੋਰ ਗੁਰਸਿੱਖਾਂ ਨਾਲ ਵੀ ਜੁੜਦਾ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਗ਼ੈਰ-ਸਿੱਖ ਪਰਿਵਾਰ ਵੀ ਇਸ ਜਗਤ ਗੁਰੂ ਦੇ ਕਿੰਨੇ ਮੁਰੀਦ ਸਨ।



follow us on /anandpurwaasi

ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਸੂਚੀ ਨਾਲ ਸਬੰਧ ਦਰਸਾਉਂਦੇ ਕੁੱਝ ਹੋਰ ਨਾਮ ਵੀ ਇਤਿਹਾਸ ਵਿੱਚ ਮਿਲਦੇ ਹਨ ਜਿਵੇਂ ਕਿ; ਭਾਈ ਚੰਦ ਸਿੰਘ ਜੀ, ਭਾਈ ਸ਼ਾਮ ਸਿੰਘ ਜੀ, ਭਾਈ ਲਾਲ ਸਿੰਘ ਜੀ, ਭਾਈ ਸੁੱਖਾ ਸਿੰਘ ਜੀ, ਭਾਈ ਹੁਕਮ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਘਨਾ ਸਿੰਘ ਜੀ, ਭਾਈ ਸ਼ਯਾਨ ਸਿੰਘ ਜੀ, ਭਾਈ ਕੇਸਰਾ ਸਿੰਘ ਜੀ ਆਦਿਕ ਪਰ ਇਹਨਾਂ ਦੀ ਵਿਸਥਾਰਤ ਅਤੇ ਪੁਖਤਾ ਜਾਣਕਾਰੀ ਅਜੇ ਨਹੀਂ ਮਿਲਦੀ।

**ਸ਼ਹੀਦ ਸਿੰਘਾਂ ਦੇ ਸਰੀਰਾਂ ਦੀ ਅੰਤਿਮ ਸੰਭਾਲ ਦਾ ਵੇਰਵਾ ਅਗਲੇ ਅੰਕ ਵਿਚ**



follow us on /anandpurwaasi



੯ ਪੋਹ(ਰਾਤ)
@anandpurwaasi
* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਸ਼ਹੀਦਾਂ ਦੇ ਸਰੀਰਾਂ ਦੀ ਅੰਤਿਮ ਸੰਭਾਲ ਦੇ ਦੋ ਪ੍ਰਸੰਗ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

੯ ਪੋਹ

# ਬੀਬੀ ਸ਼ਰਨ ਕੌਰ ਦੁਆਰਾ ਸ਼ਹੀਦਾਂ ਦੇ ਸਰੀਰਾਂ ਦੀ ਸੰਭਾਲ



ਚਮਕੌਰ ਦੇ ਨੇੜੇ ਹੀ ਇਸ ਦਾ ਹਿੱਸਾ ਇਕ ਨਗਰ ਰਾਏਪੁਰ ਸੀ ਜਿਥੋਂ ਦੀ ਵਸਨੀਕ **ਬੀਬੀ ਸ਼ਰਨ ਕੌਰ (ਹਰਸ਼ਰਨ ਕੌਰ)** ਸੀ। ਜਦੋਂ ਬੀਬੀ ਨੇ ਚਾਲੀ ਸਿੰਘਾਂ ਦੇ ਦਸ ਲੱਖ ਫੌਜ ਨਾਲ ਜੰਗ ਬਾਰੇ ਸੁਣਿਆ ਤਾਂ ਇਹ ਸੁਣ ਕੇ ਬੱਚੀ ਬਹੁਤ ਬੈਰਾਗ ਵਿਚ ਆ ਗਈ, ਮਨ ਧੀਰਜ ਨਾ ਆਵੇ। ਆਖਰ ਉਸ ਨੇ ਫੈਸਲਾ ਕੀਤਾ ਕਿ ਉਹ ਆਪ ਚਮਕੌਰ ਦੇ ਮੈਦਾਨ ਏ ਜੰਗ ਵਿਚ ਜਾ ਕੇ ਗੁਰੂ ਤੋਂ ਆਪਾ ਕੁਰਬਾਨ ਕਰ ਗਏ ਸ਼ਹੀਦ ਸਿੰਘਾਂ ਦੇ ਦਰਸ਼ਨ ਕਰੇਗੀ ਅਤੇ ਸਾਰੇ ਹਲਾਤ ਨੂੰ ਜਾਣੇਗੀ। **ਸਤਿਗੁਰ ਜੀ ਦੇ ਚਰਨਾਂ ਵਿੱਚ ਅਰਦਾਸਾ ਸੋਧ ਕੇ ਲੌਂਢੇ ਪਹਿਰ, ਜਦ ਇਹ ਬੀਬੀ ਸ਼ਰਨ ਕੌਰ ਗੜ੍ਹੀ ਨਜ਼ਦੀਕ ਪੁੱਜੀ ਤਾਂ ਕੀ ਵੇਖਦੀ ਹੈ ਕਿ ਗੜ੍ਹੀ ਦੇ ਸਾਹਮਣੇ ਅਤੇ ਆਲੇ ਦੁਆਲੇ ਮਨੁੱਖੀ ਸਰੀਰਾਂ ਦੇ ਕੱਟੇ ਵੱਢੇ ਅੰਗ ਇਧਰ ਉਧਰ ਖਿਲਰੇ ਪਏ ਹਨ।** ਮੁਗ਼ਲ ਫੌਜਾਂ ਦੇ ਸਿਪਾਹੀ ਮੈਦਾਨ-ਏ-ਜੰਗ ਵਿੱਚੋਂ ਆਪਣੇ ਸਿਪਾਹੀਆਂ ਦੀਆਂ ਲੋਥਾਂ ਦੀ ਸਾਰ ਸੰਭਾਲ ਕਰਦਿਆਂ ਉਨ੍ਹਾਂ ਨੂੰ ਉੱਥੋਂ ਚੁੱਕ ਕੇ ਲਿਜਾ ਰਹੇ ਹਨ।ਜੰਗੀ ਮੈਦਾਨ ਦਾ ਇਹ ਹਾਲ ਤੱਕ ਕੇ ਬੀਬੀ ਸ਼ਰਨ ਕੌਰ ਭੁੱਬਾਂ ਮਾਰ-ਮਾਰ ਰੋਈ ਅਤੇ ਇਸ ਦੇ ਮਨ ਵਿੱਚ ਵੀ ਉਹਨਾਂ ਸ਼ਹੀਦ ਹੋਏ ਗੁਰਸਿੱਖਾਂ ਦੇ ਸਰੀਰਾਂ ਦੀ ਸੰਭਾਲ ਕਰਨ ਲਈ ਵਲਵਲਾ ਉੱਠਿਆ।

1

@anandpurwaasi
follow us on /anandpurwaasi




ਦਿਨ ਛਿਪਣ ਦੇ ਕੰਢੇ ਹੋਇਆ ਸੋ ਸ਼ਰਨ ਕੌਰ ਜਿਸ ਨੇ ਰਾਤ ਦੇ ਅੰਧੇਰੇ ਵਿੱਚ ਆਪਾ ਛਿਪਾਉਣ ਲਈ ਕਾਲੇ ਬਸਤਰ ਪਹਿਨੇ ਹੋਏ ਸਨ, ਨੇ ਵੀ ਸਤਿਗੁਰੂ ਜੀ ਦੀ ਬਖਸ਼ੀ ਸੱਤਿਆ ਅਤੇ ਪ੍ਰੇਰਣਾ ਨਾਲ ਦਸਤਾਰਾਂ ਅਤੇ ਕੇਸਾਂ ਵਾਲੇ ਸੀਸ, ਕੜਾ-ਕਛਹਿਰਾ ਪਹਿਨੀਆਂ ਦੇਹਾਂ ਦੀ ਨਿਸ਼ਾਨਦੇਹੀ ਕਰਕੇ ਇੱਕ ਜਗ੍ਹਾ ਉਹ ਸ਼ਹੀਦ ਸਰੀਰ ਅਤੇ ਅੰਗ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਕਾਫ਼ੀ ਸਮੇਂ ਦੀ ਮੁਸ਼ੱਕਤ ਤੋਂ ਬਾਅਦ ਉਹ ਕੇਵਲ 10-15 ਸਰੀਰ ਹੀ ਇਕੱਠੇ ਕਰ ਸਕੀ ਕਿਉਂਕਿ ਇੱਕ ਤਾਂ ਰਾਤ ਦਾ ਅੰਧੇਰਾ ਸੀ, ਦੂਸਰਾ ਮ੍ਰਿਤਕ ਸਰੀਰਾਂ ਦੇ ਵਜ਼ਨ ਚੁੱਕਦਿਆਂ ਸਰੀਰ ਥੱਕ-ਟੁੱਟ ਚੁੱਕਾ ਸੀ। ਸੋ ਰਾਤ ਦੇ ਹਨ੍ਹੇਰੇ ਦਾ ਫਾਇਦਾ ਉਠਾਉਂਦਿਆਂ, ਨੇੜੇ ਤੇੜੇ ਤੋਂ ਬਾਲਣ ਆਦਿਕ ਇਕੱਠਾ ਕਰ, ਉਸ ਬੀਬੀ ਨੇ ਇਕੱਠੇ ਕੀਤੇ ਸਰੀਰਾਂ ਨੂੰ ਅਗਨ ਭੇਟ ਕਰ ਦਿੱਤਾ ਅਤੇ ਆਪ ਨਜ਼ਦੀਕ ਬੈਠ ਕੇ ਸੋਹਿਲੇ ਦਾ ਪਾਠ ਕਰਨ ਲੱਗ ਪਈ। ਅੱਗ ਦੇ ਇਕ ਦਮ ਉੱਚੇ ਉਠੇ ਭਾਂਬੜ ਤੱਕ ਕੇ ਮੁਗ਼ਲ ਸਿਪਾਹੀ ਉੱਧਰ ਭੱਜੇ ਆਏ ਪਰ ਡਰਦਿਆਂ ਦਾ ਨੇੜੇ ਆਉਣ ਦਾ ਹੌਂਸਲਾ ਨਾ ਪਿਆ। 2

**੧ ਪੋਹ**




ਜਦ ਵੇਖਿਆ ਕਿ ਉਸ ਬਲਦੀ ਹੋਈ ਅਗਨੀ ਦੇ ਪਾਸ ਇੱਕ ਔਰਤ ਬੈਠੀ ਹੋਈ ਹੈ ਤਦੋਂ ਹੌਂਸਲਾ ਕਰਕੇ ਪੁੱਛਿਆ ਤੂੰ ਕੌਣ ਹੈ ਅਤੇ ਇਸ ਵੇਲੇ ਇੱਥੇ ਕੀ ਕਰ ਰਹੀਂ ਹੈਂ? ਤਦ ਅੱਗੋਂ ਉਸ ਬੀਬੀ ਨੇ ਜੋਸ਼ ਵਿੱਚ ਆਖਿਆ ਕਿ ਮੈਂ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਅਤੇ ਆਪਣੇ ਭਰਾਵਾਂ ਦੇ ਸਰੀਰਾਂ ਦੀ ਸੰਭਾਲ ਕਰ ਰਹੀ ਹਾਂ। ਸਿਪਾਹੀਆਂ ਨੇ ਉਸ ਨੂੰ ਫੜਨਾ ਚਾਹਿਆ ਪਰ ਉਹ ਸ਼ਸ਼ਤ੍ਰਧਾਰੀ ਬੀਬੀ ਨੇ ਆਪਣੀ ਤਲਵਾਰ ਧੂਹ ਲਈ ਅਤੇ ਕਈਆਂ ਨੂੰ ਪਾਰ ਬੁਲਾ ਦਿੱਤਾ।ਅਚਨਚੇਤੀ ਹੋਈ ਇਸ ਝੜਪ ਤੋਂ ਮੁਗਲ ਘਬਰਾ ਗਏ ਅਤੇ ਉਸ ਦਾ ਮੁਕਾਬਲਾ ਕਰਨ ਲੱਗੇ। ਮੁਗਲ ਸਿਪਾਹੀ ਜ਼ਿਆਦਾ ਸਨ ਸੋ ਇਸ ਝੜਪ ਵਿੱਚ ਉਹ ਬੀਬੀ ਗੰਭੀਰ ਜ਼ਖਮੀ ਹੋ ਗਈ। ਜ਼ਾਲਮਾਂ ਨੇ ਉਸ ਬੀਬੀ ਹਰਸ਼ਰਨ ਕੌਰ ਨੂੰ ਜ਼ਖਮੀ ਹਾਲਤ ਵਿੱਚ ਹੀ ਬਲਦੀ ਅੱਗ ਵਿੱਚ ਸੁੱਟ ਦਿੱਤਾ।

3

follow us on /anandpurwaasi




ਇਸ ਤਰ੍ਹਾਂ ਚਮਕੌਰ ਦੇ ਸ਼ਹੀਦਾਂ ਦੇ ਸਰੀਰਾਂ ਦੀ ਸੰਭਾਲ ਕਰਦਿਆਂ ਇਹ ਕਲਗੀਧਰ ਜੀ ਦੀ ਸਪੁੱਤਰੀ ਵੀ ਆਪਣੇ ਵੀਰਾਂ ਨਾਲ ਸੱਚਖੰਡ ਜਾ ਬਿਰਾਜੀ। ਬਾਅਦ ਵਿੱਚ ਇਮਾਨ ਤੋਂ ਗਿਰੇ ਹੋਏ ਇਨ੍ਹਾਂ ਮੁਗਲ ਸਿਪਾਹੀਆਂ ਨੇ ਪਾਣੀ ਪਾ ਕੇ ਉਸ ਬਲਦੇ ਹੋਏ ਅੰਗੀਠੇ ਨੂੰ ਠੰਢਾ ਕਰ ਦਿੱਤਾ ਤਾਂ ਜੋ ਇਨ੍ਹਾਂ ਸ਼ਹੀਦਾਂ ਦੀਆਂ ਦੇਹਾਂ ਦਾ ਅਪਮਾਨ ਹੋਵੇ।

ਭਾਈ ਤਿਲੋਕਾ ਅਤੇ ਭਾਈ ਰਾਮਾ ਜੀ ਦਾ ਪ੍ਰਸੰਗ ਅੱਗੇ ਪੜ੍ਹੋ



follow us on /anandpurwaasi

9 ਪੋਹ

# ਭਾਈ ਤਿਲੋਕਾ ਅਤੇ ਰਾਮਾ ਜੀ

ਸਤਿਗੁਰੂ ਜੀ ਦੇ ਦੋ ਗੁਰਸਿੱਖ ਜਿਨ੍ਹਾਂ ਦਾ ਨਾਂ ਇਤਿਹਾਸ ਵਿੱਚ ਭਾਈ ਤਿਲੋਕਾ ਅਤੇ ਭਾਈ ਰਾਮਾ ਕਰਕੇ ਆਉਂਦਾ ਹੈ ਇਹ ਤਕੜੇ ਜ਼ਿਮੀਂਦਾਰ ਸਨ। ਇਹ ਵਾਹੀ ਜਾਂਦੀ ਜ਼ਮੀਨ ਦਾ ਮਾਮਲਾ ਆਦਿ ਦੇਣ ਦੇ ਚੱਕਰ ਵਿੱਚ ਸਰਹੰਦ ਵੱਲ ਗਏ ਹੋਏ ਸਨ। ਉਸ ਪਾਸੇ ਤੋਂ ਉਨ੍ਹਾਂ ਨੂੰ ਸਤਿਗੁਰੂ ਜੀ ਦੇ ਅਨੰਦਪੁਰ ਸਾਹਿਬ ਛੱਡਣ 4 ਅਤੇ ਚਮਕੌਰ ਸਾਹਿਬ ਦੀ ਧਰਤੀ 'ਤੇ ਚੱਲ ਰਹੇ ਧਰਮ ਯੁੱਧ ਬਾਬਤ ਪਤਾ ਚੱਲਿਆ। ਉਹ ਵਾਹੋ ਦਾਹੀ ਚਮਕੌਰ ਦੀ ਧਰਤੀ 'ਤੇ ਪੁੱਜੇ। ਉਥੇ ਪੁੱਜ ਕੇ ਸਾਰੇ ਹਾਲਾਤ ਨੂੰ ਇਨ੍ਹਾਂ ਨੇ ਆਪਣੀ ਅੱਖੀਂ ਵੇਖਿਆ ਅਤੇ ਬਹੁਤ ਵਿਆਕੁਲ ਹੋਏ। ਦਸਮ ਪਿਤਾ ਦੇ ਗੜ੍ਹੀ ਵਿੱਚੋਂ ਨਿਕਲ ਜਾਣ ਦੀ ਖ਼ਬਰ ਨੇ ਉਹਨਾਂ ਦੇ ਹਿਰਦੇ ਨੂੰ ਸਕੂਨ ਵੀ ਦਿੱਤਾ ਪਰ ਸਾਹਿਬਜ਼ਾਦਿਆਂ ਦੀ ਅਤੇ ਗੁਰਸਿੱਖਾਂ ਦੀ ਸ਼ਹਾਦਤ ਸੁਣ ਉਨ੍ਹਾਂ ਨੇ ਬਹੁਤ ਬੈਰਾਗ ਕੀਤਾ। ਚਮਕੌਰ ਦੇ ਮੈਦਾਨ ਵਿੱਚ ਉਹ ਦੇਖਦੇ ਪਏ ਹਨ ਕਿ ਮੁਗ਼ਲ ਆਪਣਿਆਂ ਦੀਆਂ ਲੋਥਾਂ ਮੈਦਾਨ 'ਚੋਂ ਸ਼ਨਾਖਤ ਕਰਕੇ ਦਫ਼ਨਾਉਣ ਲਈ ਚੁੱਕ ਕੇ ਲਿਜਾ ਰਹੇ ਹਨ ਪਰ ਸਿੰਘਾਂ ਦੇ ਸਰੀਰ ਇਧਰ ਉਧਰ ਖਿੱਲਰੇ ਪਏ ਹਨ। ਇੱਕ ਜਗ੍ਹਾ ਇਹਨਾਂ ਦੋਹਾਂ ਨੇ ਅੱਧਸੜੀਆਂ ਲੋਥਾਂ ਦੀ ਢੇਰੀ ਵੀ ਵੇਖੀ ਜਿਸ ਤੋਂ ਇਹਨਾਂ ਝੱਟ ਅੰਦਾਜ਼ਾ ਲਾ ਲਿਆ ਕਿ ਕਿਸੇ ਗੁਰੂ ਪਿਆਰ ਵਾਲੇ ਵੱਲੋਂ ਸ਼ਹੀਦਾਂ ਦੀ ਸਾਰ ਸੰਭਾਲ ਦਾ ਯਤਨ ਕੀਤਾ ਗਿਆ ਹੈ ਜੋ ਦੁਸ਼ਮਣਾਂ ਨੇ ਸਫਲ ਨਹੀਂ ਹੋਣ ਦਿੱਤਾ।ਸੋ ਦੋਵਾਂ ਪ੍ਰੇਮੀਆਂ ਨੇ ਇਹ ਸਲਾਹ ਕੀਤੀ ਕਿ ਅਸੀਂ ਧਰਮ ਦੀ ਖਾਤਰ ਸ਼ਹੀਦ ਹੋਏ ਗੁਰੂ-ਸੁੱਤਾਂ ਅਤੇ ਗੁਰੂ ਪਿਆਰਿਆਂ ਦੇ ਸਰੀਰਾਂ ਦਾ ਦਾਹ ਸੰਸਕਾਰ ਜ਼ਰੂਰ ਕਰਨਾ ਹੈ, ਇਸ ਕਾਰਜ ਲਈ ਸਾਨੂੰ ਭਾਵੇਂ ਆਪਣਾ ਆਪ ਵੀ ਕਿਉਂ ਨਾ ਵਾਰਨਾ ਪੈ ਜਾਵੇ। ਸੋ ਇਹਨਾਂ ਨੇ ਦਿਨ ਢਲਦੇ ਨੂੰ ਆਪਣੇ ਕੇਸ ਖਲਾਰ ਲਏ, ਸਿਰ ਤੇ ਧੂੜ ਭੁੱਕ ਕੇ ਪਾਗਲਾਂ ਵਾਲਾ ਵੇਸ ਬਣਾ ਲਿਆ।



follow us on /anandpurwaasi

## ੭ ਪੋਹ

ਅਤੇ ਪਾਗਲਾਂ ਵਾਂਗ ਵਿਵਹਾਰ ਕਰਦੇ, ਸ਼ਾਂਤ ਹੋਏ ਪਏ ਜੰਗ ਦੇ ਮੈਦਾਨ ਵਿੱਚ ਪਹੁੰਚ ਗਏ ਅਤੇ ਬਾਜ ਨਿਗ੍ਹਾ ਨਾਲ ਸ਼ਹੀਦ ਹੋਏ ਸਿੱਖਾਂ ਦੀ ਸ਼ਨਾਖਤ ਕਰਨ ਲੱਗੇ। ਇਹਨਾਂ ਦੋਹਾਂ ਗੁਰੂ ਪਿਆਰਿਆਂ, ਭਾਈ ਤਿਲੋਕੇ ਅਤੇ ਭਾਈ ਰਾਮੇ ਨੇ ਬੀਬੀ ਹਰਸ਼ਰਨ ਕੌਰ ਦਾ ਰਹਿੰਦਾ ਕਾਰਜ ਮੁੜ ਆਰੰਭ ਕਰ ਦਿੱਤਾ ਅਤੇ ਕੇਸਾਂ, ਦਸਤਾਰਾਂ, ਕੜਿਆਂ, ਕਛਹਿਰਿਆਂ ਤੋਂ ਪਹਿਚਾਣ ਕਰਕੇ ਕਾਫ਼ੀ ਯਤਨ ਨਾਲ ਦੇਰ ਰਾਤ ਗਈ ਤੱਕ ਜਿਤਨੇ ਕੁ ਸਰੀਰ ਮਿਲ ਸਕੇ ਉਹਨਾਂ ਨੂੰ ਦੁਬਾਰਾ ਉਸ ਅੰਗੀਠੇ ਤੇ ਲਿਆ ਟਿਕਾਇਆ। ਜੋ ਆਲੇ ਦੁਆਲੇ ਤੋਂ ਸੁਣਿਆ ਸੀ ਕਿ ਸਤਿਗੁਰੂ ਜੀ ਨਾਲ 40-45 ਸਿੰਘ ਸਨ ਜਿਨਾਂ ਵਿੱਚੋਂ ਬਹੁਤੇ ਸ਼ਹੀਦ ਹੋ ਗਏ ਹਨ ਸੋ ਇੰਨੇ ਕੁ ਸਰੀਰਾਂ ਦੀ ਤਸੱਲੀ ਕਰਕੇ ਨੇੜੇ ਤੋਂ ਬਾਲਣ ਆਦਿਕ ਇਕੱਤਰ ਕੀਤਾ ਤੇ ਫਿਰ ਦੁਬਾਰਾ ਅੰਗੀਠੇ ਨੂੰ ਅੱਗ ਲਗਾ ਦਿੱਤੀ। ਜਦੋਂ ਮੁਗ਼ਲ ਫਿਰ ਘਬਰਾਏ ਹੋਏ ਇਧਰ ਨੂੰ ਆਏ ਤਾਂ ਇਹਨਾਂ ਦੋਵਾਂ ਨੇ ਪਾਗਲਾਂ ਵਰਗਾ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ। ਕਦੇ ਇੱਕ ਦੂਸਰੇ ਦੇ ਗਲ ਲੱਗ ਕੇ ਰੋਣ ਲੱਗ ਪੈਣ ਕਦੇ ਚੀਕਾਂ ਮਾਰਦੇ ਇੱਧਰ- ਉੱਧਰ ਭੱਜਣ ਲੱਗ ਪੈਣ ਕਦੇ ਰੋੜੇ ਢੀਮਾਂ ਮੁਗ਼ਲਾਂ ਵੱਲ ਵਗਾਹ-ਵਗਾਹ ਮਾਰਨ ਲੱਗ ਪੈਣ। ਇੱਕ ਤੇ ਮੁਗਲ ਵੀ ਇਸ ਲੜਾਈ ਤੋਂ ਥੱਕ ਟੁੱਟ ਚੁੱਕੇ ਸਨ ਅਤੇ ਰਾਤ ਵੀ ਕਾਫੀ ਹੋ ਚੁੱਕੀ ਸੀ ਉਹ ਵੀ ਚਾਹੁੰਦੇ ਸਨ ਕਿ ਅਰਾਮ ਕੀਤਾ ਜਾ ਸਕੇ। ਦੂਸਰਾ ਇਹਨਾਂ ਗੁਰਸਿੱਖਾਂ ਵੱਲੋਂ ਪਾਗਲਾਂ ਵਰਗਾ ਵਿਵਹਾਰ ਕਰਨ ਤੇ ਸਿਪਾਹੀਆਂ ਨੇ ਬਹੁਤਾ ਧਿਆਨ ਨਾ ਦਿੱਤਾ ਅਤੇ ਇਸ ਪ੍ਰਕਾਰ ਗੁਰੂ ਮਿਹਰ ਨਾਲ ਸ਼ਹੀਦ ਗੁਰਸਿੱਖਾਂ ਦਾ ਸੰਸਕਾਰ ਕਰਨ ਵਿੱਚ ਇਹ ਦੋਨੋਂ ਕਾਮਯਾਬ ਹੋ ਗਏ।



follow us on /anandpurwaasi

# ਧੰਨ ਗੁਰੂ ਧੰਨ ਗੁਰੂ ਪਿਆਰੇ

ਜਿਸ ਅਸਥਾਨ ਤੇ ਤਿੰਨ ਪਿਆਰਿਆਂ, ਦੋ ਸਾਹਿਬਜ਼ਾਦਿਆਂ ਅਤੇ 32 ਦੇ ਕਰੀਬ ਸਤਿਗੁਰੂ ਜੀ ਦੇ ਵਰੋਸਾਏ ਗੁਰਸਿੱਖਾਂ ਨੇ ਗੜ੍ਹੀ ਵਿੱਚੋਂ ਬਾਹਰ ਨਿੱਕਲ ਕੇ ਮੈਦਾਨੇ ਜੰਗ ਵਿੱਚ ਦਸ ਲੱਖ ਫੌਜ ਦਾ ਮੁਕਾਬਲਾ ਕਰਕੇ ਜਾਮ-ਏ-ਸ਼ਹਾਦਤ ਪੀਤਾ। ਉਸ ਅਸਥਾਨ ਤੇ ਸਸ਼ੋਭਿਤ ਗੁਰਦੁਆਰਾ ਸਾਹਿਬ ਦਾ ਪ੍ਰਚਲਤ ਨਾਮ ਗੁਰਦੁਆਰਾ ਕਤਲਗੜ੍ਹ ਸਾਹਿਬ ਹੈ। ਸ਼ਹੀਦਾਂ ਦਾ ਸੰਸਕਾਰ ਅਸਥਾਨ ਹੋਣ ਕਾਰਨ ਇਸ ਨੂੰ ਸ਼ਹੀਦ ਗੰਜ ਵੀ ਆਖਿਆ ਜਾਂਦਾ ਹੈ। ਜਦ ਸਤਿਗੁਰੂ ਜੀ ਦਮਦਮਾ ਸਾਹਿਬ ਪੁੱਜੇ ਤਦ ਸੰਗਤ ਦੇ ਨਾਲ ਇਹ ਦੋਨੋਂ ਗੁਰੂ ਪਿਆਰੇ, ਭਾਈ ਤਿਲੋਕਾ ਅਤੇ ਭਾਈ ਰਾਮਾ ਵੀ ਗੁਰਦੇਵ ਜੀ ਦੇ ਚਰਨਾਂ ਵਿੱਚ ਦਰਸ਼ਨ ਕਰਨ ਲਈ ਹਾਜ਼ਰ ਹੋਏ।ਪ੍ਰੇਮੀ ਸਿੱਖਾਂ ਨੇ ਇਹਨਾਂ ਦੋਨਾਂ ਦੀ ਚਮਕੌਰ ਦੇ ਮੈਦਾਨ ਵਿੱਚ ਕੀਤੀ ਸੇਵਾ ਬਾਬਤ ਸਤਿਗੁਰੂ ਜੀ ਨੂੰ ਦੱਸਿਆ ਤਦੋਂ ਗੁਰਦੇਵ ਜੀ ਇਹਨਾਂ ਦੀ ਇਸ ਸੇਵਾ ਤੇ ਅਤਿ ਪ੍ਰਸੰਨ ਹੋਏ ਅਤੇ ਤਰੁੱਠ ਕੇ ਅਨੇਕਾਂ ਬਖਸ਼ਿਸ਼ਾਂ ਕੀਤੀਆਂ ਅਤੇ ਅਸੀਸਾਂ ਪ੍ਰਦਾਨ ਕੀਤੀਆਂ। ਅੰਮ੍ਰਿਤ ਛਕ ਕੇ ਇਹ ਭਾਈ ਤ੍ਰਿਲੋਕ ਸਿੰਘ ਅਤੇ ਭਾਈ ਰਾਮ ਸਿੰਘ ਕਹਿਲਾਏ।ਸਤਿਗੁਰੂ ਜੀ ਨੇ ਇਹਨਾਂ ਨੂੰ ਰਾਜ-ਭਾਗ ਪ੍ਰਾਪਤ ਹੋਣ ਦੀ ਅਸੀਸ ਅਤੇ ਵਰ ਦਿੱਤੇ। ਜਿਸ ਬਖਸ਼ਿਸ਼ ਤੋਂ ਬਾਦ ਵਿੱਚ ਇਹਨਾਂ ਦੀਆਂ ਰਿਆਸਤਾਂ ਬਣੀਆਂ ਜੋ ਰਿਆਸਤਾਂ ਪਟਿਆਲਾ, ਜੀਂਦ ਅਤੇ ਨਾਭਾ ਦੇ ਨਾਮ ਨਾਲ ਮਸ਼ਹੂਰ ਹੋਈਆਂ। ਇਹਨਾਂ ਦੇ ਵਡੇਰਿਆਂ ਉੱਪਰ ਸਤਿਗੁਰੂ ਸ੍ਰੀ ਗੁਰੂ ਹਰਿ ਰਾਏ ਸਹਿਬ ਜੀ ਨੇ ਵੀ ਅਨੇਕਾਂ ਬਖਸ਼ਿਸ਼ਾਂ ਕੀਤੀਆਂ ਸਨ।



follow us on /anandpurwaasi

## ੧ ਪੋਹ




# ਦੂਜੇ ਪਾਸੇ

9 ਪੋਹ ਦਾ ਦਿਨ ਗੁਰੂ ਕਲਗੀਧਰ ਜੀ ਨੇ ਗੁਲਾਬੇ ਮਸੰਦ ਦੇ ਬਾਗ ਵਿਚ ਗੁਜਾਰਿਆ । ਸਿੰਘਾਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਜੀਨੇ ਗੁਲਾਬੇ ਦੇ ਬਾਗਵਿਚ ਇਕ ਬਿਛਾਂ ਦੀ ਝੁੱਗੀ ਵਿਚ ਜਾ ਡੇਰਾ ਕੀਤਾ ।ਬਾਗ ਵਿਚ ਗੁਲਾਬੇ ਦਾ ਨੌਕਰ ਖੂਹਵਾਹ ਰਿਹਾ ਸੀ ਉਸਨੇ ਵੇਖਿਆ ਤੇਕਿਹਾ ਇਹ ਤਾਂ ਮੇਰੇ ਮਾਲਕ ਗੁਲਾਬੇ ਦੇ ਕੇਸਾਂ ਤੇ ਕਛਾਂ ਵਾਲੇ ਗੁਰੂ ਜਾਪਦੇ ਹਨ ਉਹ ਦੌੜਕੌ ਪਿੰਡਗਿਆ ਅਤੇਗੁਲਾਬੇ ਨੂੰ ਦਸਿਆ ਕਿ ਗੁਰੂਜੀ ਆਪ ਹਨ ਜਾਂ ਉਨ੍ਹਾਂ ਦੇ ਕਛਾਂ ਤੇ ਕੇਸਾਂ ਵਾਲੇ ਸਿਖ ਹਨ ਜੋ ਸਾਡੇ ਬਾਗ ਵਿਚ ਬੈਠੇ ਹੋਏ ਹਨ। ਆਪਣੇ ਨੌਕਰ ਪਾਸੋਂ ਇਹ ਖਬਰ ਸੁਣਕੇ ਗੁਲਾਬਾ ਸ਼ੀਘਰ ਹੀ ਬਾਗ ਵਿਚ ਆਇਆ ਅਤੇ ਗੁਰੂ ਜੀਦੇ ਚਰਨਾਂ ਤੇ ਮਥਾ ਟੇਕ ਕੇ ਬੇਨਤੀ ਕੀਤੀ ਮੈਨੂੰ ਕੋਈ ਸੇਵਾ ਦਸੋ। ਸਿੰਘਾਂ ਨੇ ਸਤਿਗੁਰੂ ਜੀ ਨੂੰ ਪੰਜ ਇਸ਼ਨਾਨਾ ਕਰਾਇਆ ਅਤੇ ਗੁਲਾਬੇ ਦਾ ਭਾਈ ਪੰਜਾਬੀ ਘਰ ਗਰਮ ਦੁਧ ਵਿਚ ਛੁਹਾਰੇ ਪਾਕੇ ਲੈਕੇ ਆ ਗਿਆ, ਜੋ ਗੁਰੂ ਜੀ ਸਹਿਤ ਤਿੰਨਾਂ ਸਿੰਘਾਂ ਨੇ ਬੜੇ ਪ੍ਰੇਮ ਨਾਲ ਛਕਿਆ।



follow us on /anandpurwaasi


੯ ਪੋਹ
@anandpurwaasi
ਜਦ ਰਾਤ ਦਾ ਹਨੇਰਾ ਹੋ ਗਿਆ ਤਾਂ ਗੁਲਾਬਾ ਗੁਰੂ ਜੀ ਅਤੇ ਸਿੰਘਾਂ ਨੂੰ ਆਪਣੇ ਘਰ ਇਕ ਚੁਬਾਰੇ ਵਿਚ ਲੈ ਗਿਆ। ਰਾਤ ਗੁਲਾਬੇ ਨੇ ਹਰ ਪ੍ਰਕਾਰ ਦੀ ਪ੍ਰਸ਼ਾਦਿ ਪਾਣੀ ਦੀ ਗੁਰੂ ਜੀ ਦੀ ਚੰਗੀ ਸੇਵਾ ਕੀਤੀ।
10 ਪੋਹ ਦਾ ਇਤਿਹਾਸ ਅਗਲੇ ਅੰਕ ਵਿਚ
9
follow us on /anandpurwaasi



੭ ਪੋਹ
@anandpurwaasi
* ਸਾਕਾ ਸਰਹੰਦ *
* ਲੜੀਵਾਰ ਇਤਿਹਾਸ ਸ਼ਹੀਦੀ ਹਫਤਾ *
ਗੰਗੂ ਬ੍ਰਾਹਮਣ ਦੂਆਰਾ ਵਿਸਾਹਘਾਤ ਅਤੇ
ਗੁਰੂ ਲਾਲਾਂ ਦੀ ਗ੍ਰਿਫ਼ਤਾਰੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi



# ੯ ਪੋਹ

ਕਈ ਇਤਿਹਾਸਕਾਰਾਂ ਮੁਤਾਬਿਕ 8 ਪੋਹ ਦੀ ਰਾਤ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੇ ਕਾਈਨੌਰ ਦੇ ਤਲਾਬ ਕੰਢੇ ਖੁੱਲੇ ਮੈਦਾਨ ਵਿਚ ਗੁਜਾਰੀ ਅਤੇ 9 ਪੋਹ ਦੀ ਸਵੇਰ ਨੂੰ ਗੰਗੂ ਆਪਣੇ ਘਰੇ ਲੈ ਗਿਆ ਸੀ ਕਿ ਜਿਥੇ ਉਸਨੇ ਮਾਤਾ ਜੀ ਦੀ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ। ਕਈਆਂ ਮੁਤਾਬਕ 8 ਪੋਹ ਦੀ ਰਾਤ ਗੰਗੂ ਦੇ ਘਰ ਹੀ ਬਿਤਾਈ ਪਰ ਇਸ ਦੁਬਿਧਾ ਵਿਚ ਨਹੀਂ ਪੈਣਾ ਚਾਹੀਦਾ ਕਿਉਂਕਿ ਮੁੱਖ ਪਾਤਰ ਗੰਗੂ ਅਤੇ ਉਸਦਾ ਲਾਲਚ ਹੈ ਜੋ ਇਸ ਸਾਕੇ ਲਈ ਜਿੰਮੇਵਾਰ ਹੈ ਸੋ ਉਸਨੇ ਪੈਸੇ ਚੋਰੀ ਕਰਕੇ ਲਕੋ ਲਏ ਜਿਸ ਦਾ ਜਿਕਰ ਜੋਗੀ ਅੱਲਾ ਯਾਰ ਖਾਂ ਨੇ ਇਓਂ ਕੀਤਾ ਹੈ:

ਦੁਨਿਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।
ਦੁਸ਼ਮਨ ਭੀ ਜੋ ਨਾ ਕਰਤਾ ਵੁਹ ਯਿਹ ਕਾਮ ਕਰ ਗਯਾ।
ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ।
ਪਕੜਾਨੇ ਸ਼ਾਹਜ਼ਾਦੋਂ ਕੋ ਮਨਹੂਸ ਆ ਗਯਾ।



follow us on /anandpurwaasi




ਗੰਗੂ ਨੇ ਮੋਹਰਾਂ ਵਾਲੀ ਥੈਲੀ ਚੋਰੀ ਕਰ ਲਈ ਜੋ ਕਿ ਮਾਤਾ ਗੁਜਰੀ ਜੀ ਨੂੰ ਪਤਾ ਲੱਗ ਗਿਆ ਸੀ ਅਤੇ ਨੀਚ ਗੰਗੂ ਇਹ ਅਕ੍ਰਿਤਘਣਤਾ ਕਰਕੇ ਮਨ ਹੀ ਮਨ ਅਤਿ ਪ੍ਰਸੰਨ ਸੀ ਅਤੇ ਸਮਝ ਰਿਹਾ ਸੀ ਹੁਣ ਉਸਦੇ ਸਾਰੇ ਦਰਿੱਦਰ ਚੁੱਕੇ ਜਾਣਗੇ। ਪਰਮੇਸ਼ਰ ਦੀ ਨੇਤ ਐਸੀ ਕਿ ਜਿਸੁ ਧਨ ਬਦਲੇ ਉਸ ਨੇ ਆਪਣਾ ਲੋਕ-ਪ੍ਰਲੋਕ ਗਵਾਇਆ, ਅਕ੍ਰਿਤਘਣਤਾ ਦੀਆਂ ਸਾਰੀਆਂ ਹੱਦਾਂ ਟੱਪ ਕੇ ਗੁਰੂ-ਪ੍ਰਾਵਰ ਨੂੰ ਮੁਗਲੀਆ ਸਰਕਾਰ ਪਾਸ ਗ੍ਰਿਫ਼ਤਾਰ ਕਰਵਾ ਕੇ ਸ਼ਹੀਦ ਕਰਵਾਉਣ ਦੀ ਹੱਦ ਤੱਕ ਗਿਆ, ਉਹ ਧਨ ਵੀ ਉਸ ਦਗੇਬਾਜ ਹੱਥ ਨਾ ਆਇਆ। ਜਿਸ ਸੁੱਕੇ ਚੋਅ ਦੇ ਕੰਢੇ ਉਸ ਨੇ ਇਹ ਚੁਰਾਇਆ ਹੋਇਆ ਧਨ ਦੱਬਿਆ ਸੀ ਮੀਂਹ ਪੈਂਦੇ ਹੋਣ ਕਾਰਣ ਉਸ ਵਿੱਚ ਪਾਣੀ ਚੜ੍ਹ ਆਇਆ ਅਤੇ ਉਸ ਦੱਬੀ ਹੋਈ ਖੁਰਜੀ ਦਾ ਕੋਈ ਥਹੁ-ਪਤਾ ਹੀ ਨਾ ਲੱਗਾ।



follow us on /anandpurwaasi




9 ਪੋਹ ਦਾ ਦਿਨ ਚੜ੍ਹਿਆ ਸਮਾਨ ਖਿਲਰਿਆ ਹੋਇਆ ਸੀ, ਜਿਸ ਵਿੱਚੋਂ ਮੋਹਰਾਂ ਵਾਲੀ ਥੈਲੀ ਗਾਇਬ ਸੀ। ਮਾਤਾ ਜੀ ਨੇ ਗੰਗੂ ਨੂੰ ਕੋਲ ਸੱਦਿਆ ਤੇ ਸਹਿਜ ਨਾਲ ਪੁੱਛਿਆ ਕਿ ਗੰਗੂ ! ਆਹ ਸਮਾਨ ਸਾਰਾ ਖਿਲਰਿਆ ਪਿਆ ਹੈ, ਇਸ ਵਿੱਚੋਂ **ਮੋਹਰਾਂ ਵਾਲੀ ਥੈਲੀ ਵੀ ਗਾਇਬ ਹੈ। ਜੇਕਰ ਤੂੰ ਇਹ ਥੈਲੀ ਸਾਂਭ ਲਈ ਹੈ ਤਾਂ ਬਹੁਤ ਚੰਗਾ ਕੀਤਾ ਕਿਉਂਕਿ ਧਨ ਸਾਂਭ ਕੇ ਪੜਦੇ ਵਿੱਚ ਰੱਖਿਆ ਹੀ ਠੀਕ ਹੁੰਦਾ ਹੈ।** ਮਾਤਾ ਜੀ ਦੇ ਇਤਨਾ ਕੁ ਪੁੱਛਣ ਅਤੇ ਕਹਿਣ ਦੀ ਦੇਰ ਸੀ ਕਿ ਨਮਕ ਹਰਾਮ ਗੰਗੂ ਨੇ ਬੜੇ ਰੋਹ ਵਿੱਚ ਆ ਕੇ ਮਾਤਾ ਜੀ ਨੂੰ ਵੱਧ-ਘੱਟ ਬੋਲਣਾ ਅਰੰਭ ਕਰ ਦਿੱਤਾ ਤੇ ਕਿਹਾ ਕਿ, ਕੀ ਤੁਸੀਂ ਮੈਨੂੰ ਨੇਕੀ ਕਰਨ ਦਾ ਇਹ ਫਲ ਦਿੰਦੇ ਹੋ ? ਮੈਂ ਸਰਕਾਰ ਦੇ ਬਾਗੀਆਂ ਨੂੰ ਆਪਣੀ ਜਾਨ ਜੋਖਮ ਵਿੱਚ ਪਾ ਕੇ ਪਨਾਹ ਦਿੱਤੀ ਹੈ। ਜੇ ਸੂਬੇਦਾਰ ਨੂੰ ਪਤਾ ਚੱਲ ਗਿਆ ਤਾਂ ਸੂਬੇ ਨੇ ਮੇਰਾ ਘਾਣ ਬੱਚਾ ਪੀੜ ਦੇਣਾ ਹੈ। ਇੰਨਾ ਖਤਰਾ ਮੁੱਲ ਲੈ ਕੇ ਮੈਂ ਤੁਹਾਨੂੰ ਆਪਣੇ ਘਰ ਅਰਾਮ ਕਰਵਾਇਆ ਅਤੇ ਪ੍ਰਸ਼ਾਦ ਪਾਣੀ ਛਕਾਇਆ ਹੈ ਪਰ ਤੁਸੀਂ ਮੇਰੇ ਤੇ ਹੀ ਚੋਰੀ ਦੀ ਤੋਹਮਤ ਲਾ ਰਹੇ ਹੋ ? ਉਂਝ ਆਪ ਸਰਕਾਰ ਤੋਂ ਲੁਕਦੇ ਫਿਰਦੇ ਹੋ ਤੇ ਚੋਰ ਦੂਸਰਿਆਂ ਨੂੰ ਕਹਿ ਰਹੇ ਹੋ ?



follow us on /anandpurwaasi




ਮੱਕਾਰ ਗੰਗੂ ਕਹਿਣ ਲੱਗਾ ਕਿ ਮੈਂ ਹੁਣੇ ਜਾ ਕੇ ਕੋਤਵਾਲ ਨੂੰ ਇਤਲਾਹ ਦਿੰਦਾ ਹਾਂ ਕਿ ਸਰਕਾਰ ਦੇ ਬਾਗੀ ਗੁਰੂ ਗੋਬਿੰਦ ਸਿੰਘ ਦੀ ਮਾਤਾ ਤੇ ਉਸ ਦੇ ਛੋਟੇ ਪੁੱਤਰ ਮੇਰੇ ਘਰ ਵਿੱਚ ਛਿਪੇ ਹੋਏ ਹਨ। ਮਾਤਾ ਜੀ ਨੇ ਨਮਕ ਹਰਾਮੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਪੁੱਤ ਗੰਗਿਆ! ਮੈਂ ਤਾਂ ਖਿੱਲਰਿਆਂ ਹੋਇਆ ਸਮਾਨ ਵੇਖ ਕੇ ਸੁਭਾਵਿਕ ਹੀ ਪੁੱਛ ਲਿਆ ਹੈ, ਹੁਣ ਤੂੰ ਰੋਲਾ ਨਾ ਪਾ, ਅਸੀਂ ਧਨ ਕੀ ਕਰਨਾ ਹੈ? ਠੀਕ ਹੈ ਜੇ ਤੈਨੂੰ ਧਨ ਬਾਰੇ ਨਹੀਂ ਵੀ ਪਤਾ ਕੋਈ ਬਾਤ ਨਹੀਂ, ਪਰ ਰੌਲਾ ਨਾ ਪਾ। ਜੇਕਰ ਕੋਈ ਚੋਰ-ਉਚੱਕਾ ਵੀ ਲੈ ਗਿਆ ਤਦ ਵੀ ਕੋਈ ਬਾਤ ਨਹੀਂ, ਤੂੰ ਧੀਰਜ ਕਰ, ਚੁੱਪ ਕਰ ਜਾਹ । ਜਿਉਂ ਜਿਉਂ ਮਾਤਾ ਜੀ ਉਸ ਨੂੰ ਚੁੱਪ ਕਰਨ ਲਈ ਕਹਿ ਰਹੇ ਸਨ ਪਰ ਇਹ ਗੰਗੂ ਹੋਰ ਉੱਚੀ – ਉੱਚੀ ਰੌਲਾ ਪਾਉਂਦਾ ਘਰੋਂ ਬਾਹਰ ਨਿਕਲ ਗਿਆ।



follow us on /anandpurwaasi




ਗੰਗੂ ਨੇ ਇਸ ਪ੍ਰਕਾਰ ਲਾਲਚ ਵੱਸ ਹੋ, ਗੁਰੂ-ਕਿਆਂ ਨੂੰ ਕੁਬੋਲ ਬੋਲਦਿਆਂ ਪਿੰਡ ਦੇ ਚੌਧਰੀ ਨੂੰ ਨਾਲ ਲਿਜਾ ਕੇ ਮੁਰਿੰਡੇ ਕੋਤਵਾਲ ਨੂੰ ਜਾ ਖਬਰ ਦਿੱਤੀ ਕਿ ਜਹਾਂ-ਪਨਾਹ ! ਸਰਕਾਰ ਦੇ ਬਾਗੀ, ਗੁਰੂ ਗੋਬਿੰਦ ਸਿੰਘ ਦੀ ਮਾਤਾ ਅਤੇ ਦੋ ਛੋਟੇ ਪੁੱਤਰ ਮੇਰੇ ਘਰ ਵਿੱਚ ਛੁਪੇ ਹੋਏ ਹਨ। ਤੁਸੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ, ਵਜ਼ੀਦ ਖਾਂ ਪਾਸੋਂ ਉੱਚੇ ਮੁਰਾਤਬੇ ਹਾਸਿਲ ਕਰੋ ਅਤੇ ਮੈਨੂੰ ਵੀ ਇਨਾਮ ਦਿਵਾਵੋ। ਗੰਗੂ ਵੱਲੋਂ ਇਹ ਖਬਰ ਦੇਣ ਤੇ ਕੋਤਵਾਲ ਬੜਾ ਹੀ ਖੁਸ਼ ਹੋਇਆ। ਉਸ ਨੇ ਤੁਰੰਤ ਦੋ ਰੰਘੜ ਜਾਨੀ ਖਾਨ ਤੇ ਮਾਨੀ ਖਾਨ" ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਚੌਧਰੀ ਅਤੇ ਗੰਗੂ ਦੇ ਨਾਲ ਭੇਜ ਦਿੱਤੇ।



follow us on /anandpurwaasi

## ਭਾਈ ਵੀਰ ਸਿੰਘ ਜੀ ਸ੍ਰੀ ਕਲਗੀਧਰ ਚਮਤਕਾਰ ਵਿਚ ਗੰਗੂ ਦੀ ਇਸ ਨੀਚ ਬਾਰੇ ਲਿਖਦੇ ਹਨ:

"ਇਸ ਧਨ ਨੇ ਪ੍ਰਿਥਵੀ ਪਰ ਉਹ ਉਹ ਉਪੱਦ੍ਰਵ ਕਰਾਏ ਹਨ ਕਿ ਜਿਨ੍ਹਾਂ ਦੇ ਸੁਣਿਆ ਪ੍ਰਾਣ ਕੰਬ ਉੱਠਦੇ ਹਨ। ਇਹ ਬੇਈਮਾਨ (ਗੰਗੂ) ਧਨ ਦੀ ਖਾਤਿਰ ਹੀ ਮਾਤਾ ਜੀ ਨੂੰ ਘਰ ਲਿਆਇਆ ਸੀ, ਸੋ ਧਨ ਤਾਂ ਉਸ ਨੇ ਕਾਬੂ ਕਰ ਲੀਤਾ ਸੀ, ਹੁਣ ਇਹ ਉਪਾਉ ਕਰਨ ਲੱਗਾ ਕਿ ਕਿਵੇਂ ਇਹ (ਮਾਤਾ ਜੀ ਅਤੇ ਸਾਹਿਬਜ਼ਾਦੇ) ਇੱਥੋਂ ਨਿਕਲਣ ਕਿਉਂਕਿ ਜੇ ਤੁਰਕਾਂ ਨੂੰ ਪਤਾ ਲੱਗ ਗਿਆ ਕਿ ਮੈਂ (ਗੁਰੂ-ਪ੍ਰਵਾਰ ਨੂੰ) ਪਨਾਹ ਦਿੱਤੀ ਹੈ ਤਾਂ ਮੈਂ ਭੀ ਫਸ ਜਾਊਂ ਫੇਰ ਇਸ ਧਨ ਦੀ ਕੌਣ ਲਊ ? ਇਹ ਵਿਚਾਰ ਕੇ ਹੁਣ ਓਹ ਦਾਦੀ ਪੋਤਰਿਆਂ ਨੂੰ ਫੜਾਉਣਾ ਚਾਹੁੰਦਾ ਸੀ"

ਜਿਸ ਬੇ-ਅਦਬੀ, ਨਿਰਦੈਅਤਾ ਅਤੇ ਸਖਤਾਈ ਨਾਲ ਇਹਨਾਂ ਰੰਘੜਾਂ ਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕੀਤਾ ਉਸ ਵੇਲੇ ਦਾ ਹਾਲ ਲਿਖਦਿਆਂ ਕਲਮ ਥਰਥਰਾਉਂਦੀ ਹੈ, ਦਿਲ ਵਿੱਚ ਸੱਲ ਵੱਜਦਾ ਹੈ ਅਤੇ ਇਸ ਕੱਸਕ ਦੁਆਰਾ ਉਪਜਦੀ ਪੀੜ ਨਾਲ ਅੱਖਾਂ ਨੀਰ ਵਹਾਉਂਦੀਆਂ ਹਨ, ਲਿਖਣ ਦੀ ਜ਼ੁਰੱਅਤ ਹੀ ਨਹੀਂ ਪੈਂਦੀ ਪਰ ਕੁਰਬਾਨੀਆਂ ਦੀ ਸ਼ਿਖਰ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਲਈ ਸਾਡੇ ਲਈ ਇਹਨਾਂ ਹਾਲਾਤਾਂ ਨੂੰ ਜਾਨਣਾ ਵੀ ਅਤਿ ਜ਼ਰੂਰੀ ਹੈ।



follow us on /anandpurwaasi

## ੧ ਪੋਹ



ਭਾਈ ਦੁੱਨਾ ਸਿੰਘ ਹੰਡੂਰੀਆ ਲਿਖਦੇ ਹਨ ਕਿ ਖੇੜੀ ਪੁੱਜ ਕੇ ਇਹਨਾਂ ਜ਼ਾਲਮਾਂ ਨੇ ਦੋਵੇਂ ਮਸੂਮ ਸਾਹਿਬਜ਼ਾਦੇ ਬੋਰੀਆਂ ਵਿੱਚ ਪਾ ਕੇ ਘੋੜਿਆਂ 'ਤੇ ਲੱਦ ਲਏ। ਮਾਤਾ ਜੀ ਨੂੰ ਰੱਸੀ ਨਾਲ ਬੰਨ੍ਹ ਕੇ ਉਹਨਾਂ ਦੇ ਪਾਵਨ ਮੂੰਹ ਉੱਪਰ ਮਿਰਚਾਂ ਵਾਲਾ ਤੋਬੜਾ (ਮੂੰਹ ਢੱਕਣ ਵਾਲਾ ਨਕਾਬ ਵਰਗਾ ਥੈਲਾ) ਚਾੜ੍ਹ ਕੇ ਘੋੜੇ 'ਤੇ ਬਿਠਾ ਲਿਆ।

ਕਈ ਇਤਿਹਾਸਕਾਰਾਂ ਮੁਤਾਬਕ ਮਾਤਾ ਗੁਜਰੀ ਜੀ ਦੇ ਹੱਥ ਬੰਨ੍ਹ ਕੇ ਘੋੜਿਆਂ ਮਗਰ ਦੌੜਾ ਕੇ ਲਿਆਂਦਾ ਗਿਆ ਅਤੇ ਸਾਹਿਬਜ਼ਾਦਿਆਂ ਨੂੰ ਖੁਰਜੀਆਂ (ਖੱਚਰਾਂ ਦੇ ਦੋਵੇਂ ਪਾਸੇ) ਵਿਚ ਪਾ ਕੇ ਮੋਰਿੰਡੇ ਲੈ ਕੇ ਗਏ।



follow us on /anandpurwaasi

੧ ਪੋਹ




ਜਾਨੀ ਖ਼ਾਂ-ਮਾਨੀ ਖ਼ਾਂ ਰੰਘੜਾਂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਗ੍ਰਿਫ਼ਤਾਰ ਕਰਕੇ ਮੁਰਿੰਡੇ ਲੈ ਆਂਦਾ। ਭਾਈ ਰਤਨ ਸਿੰਘ ਜੀ ਭੰਗੂ ਦੇ ਲਿਖਣ ਅਨੁਸਾਰ ਮਾਤਾ ਜੀ ਦੇ ਹੱਥ ਪੈਰ ਰੱਸੀਆਂ ਨਾਲ ਬੰਨ ਅਤੇ ਸਾਹਿਬਜ਼ਾਦਿਆਂ ਨੂੰ ਹੱਥਕੜੀਆਂ ਤੇ ਪੈਰਾਂ ਵਿੱਚ ਬੇੜੀਆਂ ਪਾ ਸਾਰੀ ਰਾਤ ਭੁੱਖਣ ਭਾਣੇ ਹਵਾਲਾਤ ਵਿੱਚ ਬਿਨਾਂ ਓਢਣ (ਉਪਰ ਲੈਣ ਵਾਲਾ ਗਰਮ ਕੱਪੜਾ) ਤੋਂ ਰੱਖਿਆ ਗਿਆ। ਮੁਰਿੰਡੇ ਦਾ ਥਾਣੇਦਾਰ ਆਪ ਸਰਹਿੰਦ ਵਿਖੇ ਵਜੀਦ ਖਾਂ ਨੂੰ ਇਹ ਖੁਸ਼ਖਬਰੀ ਦੇਣ ਗਿਆ। ਵਜੀਦ ਖਾਂ ਨੇ ਥਾਣੇਦਾਰ ਨੂੰ ਸ਼ਾਬਾਸ਼ ਦਿੱਤੀ ਤੇ ਗੁਰੂ - ਪਰਿਵਾਰ ਨੂੰ ਛੇਤੀ ਤੋਂ ਛੇਤੀ ਸਰਹਿੰਦ ਪਹੁੰਚਾਉਣ ਦੀ ਤਾਕੀਦ ਕੀਤੀ।



follow us on /anandpurwaasi

## ੧ ਪੋਹ

ਇਸ ਖ਼ੌਫ਼ਨਾਕ ਸਮੇਂ ਦਾ ਦ੍ਰਿਸ਼ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦੇ ਕਰਤਾ ਭਾਈ ਕੁਇਰ ਸਿੰਘ ਜੀ ਨੇ ਲਿਖਿਆ ਹੈ ਕਿ ਸਾਹਿਬਜ਼ਾਦਿਆਂ ਨੇ ਨੀਲੇ ਬਾਣੇ ਪਾਏ ਹੋਏ ਸਨ। ਨੀਲੇ ਬਾਣਿਆਂ ਵਿੱਚ ਉਨ੍ਹਾਂ ਦੇ ਮੁਖੜੇ ਇਸ ਤਰ੍ਹਾਂ ਚਮਕਦੇ ਸਨ, ਜਿਸ ਤਰ੍ਹਾਂ ਨੀਲੇ ਬੱਦਲਾਂ ਵਿੱਚ ਬਿਜਲੀ ਚਮਕ ਰਹੀ ਹੋਵੇ। ਜ਼ਾਲਮਾਂ ਨੇ ਲਾਲਾਂ ਦੇ ਹੱਥਾਂ ਵਿੱਚ ਹੱਥਕੜੀਆਂ ਤੇ ਪੈਰਾਂ ਵਿੱਚ  ਬੇੜੀਆਂ ਪਾਈਆਂ ਹੋਈਆਂ ਸਨ।

ਬਿਨਾਂ ਹੱਥ ਪੈਰ ਹਿਲਾਇਆਂ ਅੱਤ ਸਰਦੀ ਵਿੱਚ ਮਾਤਾ ਜੀ ਅਤੇ ਨੰਨ੍ਹੇ-ਨੰਨ੍ਹੇ ਸਾਹਿਬਜ਼ਾਦਿਆਂ ਨੇ ਕਿਵੇਂ ਰਾਤ ਗੁਜ਼ਾਰੀ ਹੋਵੇਗੀ? ਅੱਖਾਂ ਮੂਹਰੇ ਉਹ ਦ੍ਰਿਸ਼ ਆਉਣ ਤੇ ਮਨ ਕੰਬਣ ਲੱਗ ਜਾਂਦਾ ਹੈ ਤੇ ਕਲਮ ਲਿਖਣ ਲੱਗਿਆਂ ਥਿੜਕਦੀ ਹੈ। ਸਾਹਿਬਜ਼ਾਦੇ ਮਾਤਾ ਜੀ ਨੂੰ ਪੁੱਛਦੇ ਹਨ ਕਿ ਮਾਤਾ ਜੀ! ਸਾਨੂੰ ਕੜੀਆਂ ਨਾਲ ਅਤੇ ਤੁਹਾਨੂੰ ਰੱਸਿਆਂ ਨਾਲ ਨੂੜਿਆ ਹੈ, " ਸਾਡਾ ਕੀ ਗੁਨਾਹ ਹੈ? ਦਾਦੀ ਮਾਤਾ ਪੋਤਰਿਆਂ ਨੂੰ ਸਮਝਾਉਂਦੀ ਹੈ ਕਿ ਲਾਲ ਜੀ! ਸੱਚ ਅਤੇ ਝੂਠ ਦੀ ਲੜਾਈ ਚੱਲ ਰਹੀ ਹੈ। ਝੂਠੇ ਜ਼ਾਲਮ, ਸੱਚ ਦੀ ਅਵਾਜ਼ ਨੂੰ ਦਬਾਉਣ ਲਈ ਸੱਚ ਬੋਲਣ ਵਾਲਿਆਂ ਨਾਲ ਅਜਿਹਾ ਹੀ ਸਲੂਕ ਕਰਦੇ ਹਨ।

ਬਾਕੀ ਅਗਲੇ ਅੰਕ ਵਿਚ



@anandpurwaasi
follow us on /anandpurwaasi


10 ਪੋਹ
ਸਾਕਾ ਸਰਹੰਦ
ਲੜੀਵਾਰ ਇਤਿਹਾਸ ਸ਼ਹੀਦੀ ਹਫਤਾ
ਮੁਰਿੰਡੇ ਤੋਂ ਸਰਹਿੰਦ ਦੇ ਠੰਡੇ ਬੁਰਜ ਵਿਚ
ਪਹਿਲੀ ਰਾਤ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi




ਦੇਖੋ ਕੁਦਰਤ ਦੇ ਰੰਗ, ਹਿੰਦੁਸਤਾਨੀ ਪਰਜਾ ਦੇ ਗਲ ਪਈਆਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਲਈ ਜਿਸ ਕਲਗੀਧਰ ਜੀ ਨੇ ਹੱਸਦਾ ਵੱਸਦਾ ਅਨੰਦਪੁਰ ਛੱਡਿਆ ਅਤੇ ਪਹਿਲਾਂ ਪਿਆਰੇ ਪਿਤਾ ਜੀ ਦਾ ਬਲਿਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ, ਹੁਣ ਚਮਕੌਰ ਦੇ ਜੰਗ ਵਿੱਚ ਜ਼ਿਗਰ ਦੇ ਦੋ ਟੁਕੜੇ, ਜਿਨ੍ਹਾਂ ਦਾ ਦਰਸ਼ਨ ਕਰਕੇ ਭੁੱਖ ਲਿੱਥਦੀ ਤੇ ਸ਼ਾਂਤੀ ਮਿਲਦੀ ਸੀ, ਮੈਦਾਨ-ਏ-ਜੰਗ ਵਿੱਚ ਪੁਰਜਾ-ਪੁਰਜਾ ਕਟਵਾ ਕੇ ਸ਼ਹੀਦ ਕਰਵਾ ਲਏ। ਅੱਜ ਉਸ ਦੇ ਅੱਤ ਪਿਆਰੇ ਮਾਤਾ ਜੀ ਅਤੇ ਦੋ ਛੋਟੇ ਲਖ਼ਤੇ-ਜਿਗਰ ਹੱਥਕੜੀਆਂ, ਬੇੜੀਆਂ ਨਾਲ ਜੁੜੇ ਹੋਏ ਪੋਹ ਦੀ ਅੱਤ ਸਰਦੀ ਵਿੱਚ ਮੁਰਿੰਡੇ ਦੀ ਹਵਾਲਾਤ ਵਿੱਚ ਸਮਾਂ ਬਤੀਤ ਕਰ ਰਹੇ ਹਨ, ਜਿਵੇਂ ਕਿ ਇਹ ਬਹੁਤ ਵੱਡੇ ਅਪਰਾਧੀ ਜਾਂ ਕਾਤਿਲ ਹੋਣ।

1

follow us on /anandpurwaasi

# 10 ਪੋਹ



9 ਪੋਹ ਦੀ ਅੱਤ ਭਿਅੰਕਰ ਰਾਤ ਮੋਰਿੰਡੇ ਕੋਤਵਾਲੀ ਵਿਚ ਬੀਤੀ, 10 ਪੋਹ ਦਾ ਦਿਨ ਚੜ੍ਹਿਆ। ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਹਵਾਲਾਤ ਵਿੱਚੋਂ ਕੱਢ ਕੇ ਇੱਕ ਬੈਲ ਗੱਡੀ ਤੇ ਬਿਠਾ ਲਿਆ ਗਿਆ। ਇਹ ਉਹ ਦਸਮੇਸ਼ ਜੀ ਦੀ ਮਾਤਾ ਅਤੇ ਛੋਟੇ ਲਾਲ ਹਨ ਜੋ ਕਦੇ ਅਤਿ ਸ਼ਾਨ ਨਾਲ, ਪਾਲਕੀਆਂ ਅਤੇ ਹਾਥੀਆਂ ਦੀਆਂ ਅੰਬਾਰੀਆਂ ਵਿੱਚ ਬੈਠ ਕੇ ਬਾਹਰ ਨਿੱਕਲਦੇ ਸਨ, ਅੱਜ ਕੈਦੀ ਬਣਾ ਕੇ ਕਚਹਿਰੀ ਵਿੱਚ ਲਿਜਾਣ ਲਈ ਇੱਕ ਬੈਲ ਗੱਡੀ ਉਪਰ ਬਿਠਾ ਦਿੱਤੇ ਗਏ।



follow us on /anandpurwaasi


10 ਪੋਹ
ਪੀਨਸ ਥੀ ਨਾ ਪਾਲਕੀ ਥੀ, ਨਾ ਵੁਹ ਅੰਬਾਰੀ ਥੀ।
ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ।
ਬੈਲ ਗੱਡੀ ਦੇ ਆਲੇ-ਦੁਆਲੇ ਨੰਗੀਆਂ ਤਲਵਾਰਾਂ ਤੇ ਨੇਜੇ ਲੈ ਕੇ ਪਹਿਰੇਦਾਰ ਸਿਪਾਹੀ ਚੱਲ ਰਹੇ ਸਨ। ਮੁਰਿੰਡੇ ਤੋਂ ਬੱਸੀ ਥਾਣੇਦਾਰ ਪਾਸ ਲਿਆਂਦਾ ਗਿਆ ਤੇ ਬੱਸੀ ਥਾਣੇਦਾਰ ਦਾ ਹੁਕਮ ਲੈ ਕੇ ਮੁਰਿੰਡੇ ਦਾ ਕੋਤਵਾਲ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਬੈਲ ਗੱਡੀ ਤੇ ਬਿਠਾ ਕੇ ਸਰਹਿੰਦ ਪੁੱਜਾ ਅਤੇ ਪਾਪੀ ਵਜੀਦ ਖਾਂ ਨੂੰ ਖਬਰ ਦਿੱਤੀ ਕਿ ਗੁਰੂ-ਪ੍ਰਵਾਰ ਸਰਕਾਰੀ ਹਿਰਾਸਤ ਵਿੱਚ ਸਰਹਿੰਦ ਪਹੁੰਚਾ ਦਿੱਤਾ ਗਿਆ ਹੈ। ਸਰਹਿੰਦ ਦੇ ਬਾਹਰਵਾਰ, ਬੇਲ-ਗੱਡੀ ਰੋਕ ਕੇ ਸਿਪਾਹੀ ਸੂਬਾ ਸਰਹੰਦ ਨੂੰ ਇਤਲਾਹ ਦੇਣ ਗਏ ਏਥੋਂ ਹੀ ਮਾਤਾ ਜੀ ਅਤੇ ਗੁਰੂ ਲਾਲਾਂ ਨੂੰ ਠੰਡੇ ਬੁਰਜ ਪਹੁੰਚਾਇਆ ਗਿਆ।
3
follow us on /anandpurwaasi

**10 ਪੋਹ**

## 10 ਪੋਹ ਦੀ ਰਾਤ ਠੰਡੇ ਬੁਰਜ ਵਿੱਚ



**ਦੁਸਟ ਖਾਨ ਨ ਪਾਨ ਦੇਵੰਹਿ ਕਸ਼ਟ ਦੇਹ ਦੁਖਾਵਹੀ ।**

ਵਜੀਦ ਖਾਂ ਦੇ ਹੁਕਮ ਅਨੁਸਾਰ ਪੋਹ ਦੀ ਸਰਦ ਕਕਰੀਲੀ ਰਾਤ ਵਿੱਚ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ ਤੇ ਆਸ-ਪਾਸ ਪਹਿਰਾ ਲਾ ਦਿੱਤਾ । ਹੁਕਮ ਕਰ ਦਿੱਤਾ ਗਿਆ ਕਿ ਇਨ੍ਹਾਂ ਕੈਦੀਆਂ ਨੂੰ ਖਾਣ-ਪੀਣ ਲਈ ਕੋਈ ਵੀ ਭੋਜਨ-ਪਾਣੀ ਨਾ ਦਿੱਤਾ ਜਾਵੇ ਨਾਲ ਹੀ ਇਹ ਫੁਰਮਾਨ ਵੀ ਚਾੜ੍ਹ ਦਿੱਤਾ ਕਿ ਇਸ ਹੁਕਮ ਦੀ ਅਦੂਲੀ ਕਰਨ ਵਾਲੇ ਦਾ ਸਮੇਤ ਪ੍ਰਵਾਰ, ਘਾਣ ਬੱਚਾ ਪੀੜ ਦਿੱਤਾ ਜਾਵੇਗਾ । ਵਜ਼ੀਦੇ ਦਾ ਇਹ ਖਿਆਲ ਸੀ ਕਿ ਛੋਟੇ ਬਾਲਕਾਂ ਅਤੇ ਬਿਰਧ ਮਾਤਾ ਗੁਜਰੀ ਜੀ ਨੂੰ ਭੁੱਖੇ ਰੱਖ ਕੇ ਆਪਣੇ ਅਕੀਦੇ ਤੋਂ ਥਿੜਕਾਉਣਾ ਸੌਖਾ ਹੋਵੇਗਾ ।



follow us on /anandpurwaasi

**10 ਪੋਹ**

# ਠੰਡਾ ਬੁਰਜ ਕੀ ਸੀ?



ਜਿਸ ਠੰਢੇ ਬੁਰਜ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਹਿਬਜ਼ਾਦਿਆਂ ਨੂੰ ਪੋਹ ਮਹੀਨੇ ਦੀ ਅਤਿ ਸਰਦੀ ਵਿੱਚ ਕੈਦ ਕਰਕੇ ਰੱਖਿਆ ਗਿਆ, ਦਰਅਸਲ ਇਹ ਇੱਕ ਮਿਨਾਰ ਨੁਮਾ ਕਾਫੀ ਉੱਚਾ "ਬੁਰਜ" ਸੀ। ਇਸ ਦੇ ਸਿਖਰ ਤੇ ਕੇਵਲ ਇੱਕ ਛੱਤ ਹੀ ਸੀ ਅਤੇ ਚਾਰੇ ਪਾਸੇ ਤੋਂ ਇਹ ਖੁੱਲ੍ਹਾ ਸੀ; ਕੋਈ ਵੀ ਦੀਵਾਰ ਵਗੈਰਾ ਨਹੀਂ ਸੀ। ਉੱਚਾਈ ਕਾਫ਼ੀ ਜ਼ਿਆਦਾ ਹੋਣ ਕਾਰਨ ਭਰ ਗਰਮੀ ਵਿੱਚ ਵੀ ਹਵਾ ਦੇ ਬੁੱਲੇ ਇਸ ਮਿਨਾਰ ਵਿੱਚ ਬੈਠੇ ਆਦਮੀ ਨੂੰ ਗਰਮੀ ਦੀ ਤਪਸ਼ ਤੋਂ ਬਚਾਇਆ ਕਰਦੇ ਸਨ। ਸਮੇਂ ਦੇ ਨਵਾਬ ਇਥੇ ਗਰਮੀ ਤੋਂ ਬਚਾਅ ਲਈ ਬੈਠਿਆ ਕਰਦੇ ਸਨ। ਇਸਦੇ ਚਾਰੇ ਪਾਸੇ ਪਾਣੀ ਸੀ ਅਤੇ ਇਕ ਨਦੀ ਵਗਦੀ ਸੀ ਜੋ ਕਿ ਹਵਾ ਨੂੰ ਗਰਮੀ ਵਿੱਚ ਵੀ ਠੰਡਾ ਕਰ ਦਿੰਦੀ ਸੀ। ਜਿਸ ਥਾਂ ਤੇ ਗਰਮੀ ਵਿੱਚ ਵੀ ਠੰਡ ਲਗਦੀ ਸੀ ਉਸ ਜਗ੍ਹਾ ਤੇ ਪੋਹ ਮਹੀਨੇ ਵਿਚ ਅਜਿਹੀ ਕਰਦੀਂ ਕੈਦ ਵਿਚ ਗੁਰੂ ਪਰਿਵਾਰ ਨੂੰ ਰੱਖਿਆ ਗਿਆ।



follow us on /anandpurwaasi




## ਧੰਨ ਭਾਗ ਹਮਰੇ ਹੈ ਮਾਈ ॥ ਧਰਮ ਹੇਤ ਤਨ ਜੇ ਕਰ ਜਾਈ ॥

ਅਜਿਹੀ ਬਿਖੜੀ ਕਰੜੀ ਠੰਡੀ ਰਾਤ ਵਿਚ ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਛਾਤੀ ਨਾਲ ਲਾ ਕੇ ਸੋਦਰ ਅਤੇ ਸੋਹਿਲੇ ਦਾ ਪਾਠ ਕੀਤਾ। ਬਾਅਦ ਵਿਚ ਪੰਜਵੇਂ ਤੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਦੀ ਸਾਖੀ ਸੁਣਾਉਂਦਿਆਂ ਕਿਹਾ, ‘ਮੇਰੇ ਪਿਆਰੇ ਪੋਤਰਿਓ ! ਸਮਾਂ ਬੜਾ ਕਠਿਨ ਵਾਪਰੇਗਾ ਪਰ ਤੁਸਾਂ ਆਪਣੇ ਧਰਮ ਤੇ ਦ੍ਰਿੜ ਰਹਿਣਾ, ਆਪਣੇ ਦਾਦੇ ਦੀ ਪੱਗ ਨੂੰ ਦਾਗ ਨਹੀਂ ਲੱਗਣ ਦੇਣਾ।” ਸਾਹਿਬਜ਼ਾਦੇ ਆਪਣੀ ਦਾਦੀ ਮਾਂ ਨੂੰ ਮੁੜ-ਮੁੜ ਵਿਸ਼ਵਾਸ਼ ਦਿਵਾ ਰਹੇ ਸਨ। ਮਾਤਾ ਜੀ! ਤੁਸੀਂ ਵੇਖਣਾ, ਅਸੀਂ ਕਿਵੇਂ ਪਿਤਾ ਤੇ ਬਾਬੇ ਦੇ ਕਾਰਨਾਮਿਆਂ ਨੂੰ ਐਸੇ ਚਾਰ ਚੰਨ ਲਾਵਾਂਗੇ ਕਿ ਰਹਿੰਦੀ ਦੁਨੀਆਂ ਤੱਕ ਲੋਕ ਸਾਨੂੰ ਯਾਦ ਕਰਨਗੇ। ਸਾਹਿਬ ਕਹਿਣ ਲੱਗੇ

ਧੰਨ ਭਾਗ ਹਮਰੇ ਹੈ ਮਾਈ ॥ ਧਰਮ ਹੇਤ ਤਨ ਜੇ ਕਰ ਜਾਈ ॥



follow us on /anandpurwaasi

**10 ਪੋਹ**



## ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸੇਵਾ

ਪੰਜ ਪਿਆਰਿਆਂ ਵਿਚੋਂ ਭਾਈ ਹਿੰਮਤ ਸਿੰਘ ਜੀ ਦੇ ਭਤੀਜੇ ਬਾਬਾ ਮੋਤੀ ਰਾਮ ਮਹਿਰਾ ਜੀ ਸਰਹੰਦ ਰਹਿੰਦੇ ਸਨ। ਬਾਬਾ ਜੀ ਨੇ ਕਦੇ ਦਸਵੇਂ ਪਾਤਸ਼ਾਹ ਦੇ ਦਰਸ਼ਨ ਤਾਂ ਨਹੀਂ ਕੀਤੇ ਸਨ ਪਰ ਗੁਰੂ ਪ੍ਰੇਮ ਨਾਲ ਹਿਰਦਾ ਭਰਿਆ ਹੋਇਆ ਸੀ। ਪਰਿਵਾਰ ਪਾਲਣ ਲਈ ਸਰਕਾਰੀ ਮਹਿਕਮੇ ਵਿਚ ਲਾਂਗਰੀ ਦੀ ਨੌਕਰੀ ਕਰਦੇ ਸਨ। 10 ਪੋਹ ਵਾਲੀ ਸਿਪਾਹੀਆਂ ਨੂੰ ਲੰਗਰ ਵਰਤਾਉਂਦੇ ਪਤਾ ਲੱਗਾ ਕਿ ਪਿਆਰੇ ਬਾਜਾਂ ਵਾਲੇ ਸਤਿਗੁਰੂ ਜੀ ਦੇ ਮਾਤਾ ਅਤੇ ਸਾਹਿਬਜ਼ਾਦੇ ਠੰਡੇ ਬੁਰਜ ਵਿੱਚ ਕੈਦ ਹਨ। ਤਾਂ ਭਾਈ ਸਾਹਿਬ ਤੋਂ ਰਿਹਾ ਨਾ ਗਿਆ ਅਤੇ ਪਰਿਵਾਰ ਨਾਲ ਸਲਾਹ ਕਰਕੇ ਕੁਝ ਮਾਇਆ ਅਤੇ ਦੁੱਧ ਦਾ ਗੜਵਾ ਨਾਲ ਮੇਵੇ ਲੈ ਗਏ। ਸਿਪਾਹੀਆਂ ਨੂੰ ਮਾਇਆ ਦੇਕੇ ਠੰਡੇ ਬੁਰਜ ਦੀਆਂ ਪੌੜੀਆਂ ਚੜ੍ਹ ਗਏ ਇਹ ਕੰਮ ਖਤਰੇ ਤੋਂ ਖਾਲੀ ਨਹੀਂ ਸੀ ਪਰ ਉਸ ਗੁਰੂ ਕੇ ਲਾਲ ਨੇ ਕੋਈ ਪਰਵਾਹ ਨਾ ਮੰਨੀ ਅਤੇ ਸੇਵਾ ਨਿਭਾਉਣ ਪਹੁੰਚ ਗਿਆ।



follow us on /anandpurwaasi




## ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸੇਵਾ

ਮਾਤਾ ਗੁਜਰੀ ਜੀ ਨੂੰ ਆਪਣੀ ਪਛਾਣ ਦੱਸਣ ਤੋਂ ਬਾਅਦ ਬਾਬਾ ਜੀ ਨੇ ਗਰਮ ਦੁੱਧ ਅਤੇ ਮੇਵੇ ਅਰਪਣ ਕੀਤੇ ਅਤੇ ਨਾਲ ਹੀ ਭੁੱਬਾਂ ਮਾਰੀ ਜਾਵੇ। ਮਾਤਾ ਜੀ ਨੇ ਆਪਣਾ ਹੱਥ ਮੋਤੀ ਰਾਮ ਜੀ ਦੇ ਸਿਰ ਤੇ ਰੱਖਿਆ ਅਤੇ ਮਾਤਾ ਜੀ ਨੇ ਆਪ ਵੀ ਦੁੱਧ ਛਕਿਆ ਨਾਲ ਸਾਹਿਬਜ਼ਾਦਿਆਂ ਨੂੰ ਛਕਾਇਆ। ਭੁੱਖੇ ਪੇਟ ਨੂੰ ਥੋੜ੍ਹਾ ਆਸਰਾ ਹੋਇਆ। ਹੋਰ ਕੁਝ ਨਾ ਕਰਨ ਸਕਣ ਤੋਂ ਬੇਵੱਸ ਬਾਬਾ ਮੋਤੀ ਰਾਮ ਇਸੇ ਕੰਮ ਨੂੰ ਹੀ ਆਪਣੇ ਧੰਨ ਭਾਗ ਸਮਝ ਰਿਹਾ ਸੀ। ਮਾਤਾ ਗੁਜਰੀ ਜੀ ਨੇ ਆਪਣੀਆਂ ਬੇਅੰਤ ਅਸੀਸਾਂ ਬਾਬਾ ਮੋਤੀ ਰਾਮ ਜੀ ਨੂੰ ਬਖਸ਼ੀਆਂ।

**ਪਿੱਖ ਕੈ ਪ੍ਰੇਮ ਸੁ ਮੋਤੀ ਕੇਰਾ। ਮਾਤਾ ਕਹਯੋ ਭਲਾ ਹੋਵੈ ਤੇਰਾ।**
**ਧੰਨ ਮੋਤੀ ਤੂ ਪੁੰਨ ਕਮਾਇਆ। ਗੁਰ ਲਾਲਾਂ ਤਾਈਂ ਦੁੱਧ ਪਿਆਇਆ।**

(ਸ੍ਰੀ ਗੁਰ ਪ੍ਰਕਾਸ਼: ਭਾਈ ਪ੍ਰੇਮ ਸਿੰਘ ਸੰਤ ਰੈਣ)



follow us on /anandpurwaasi

10 ਪੋਹ

ਮਾਤਾ ਜੀ ਦੀਆਂ ਬਖਸ਼ੀਆਂ ਅਸੀਸਾਂ ਨਾਲ ਝੋਲੀ ਭਰਕੇ ਬਾਬਾ ਮੋਤੀ ਰਾਮ ਕਿਸੇ ਅਗੰਮੀ ਵਿਸਮਾਦ ਵਿੱਚ ਚਲਾ ਗਿਆ। ਅੱਜ ਉਹ ਮਹਿਸੂਸ ਕਰ ਰਿਹਾ ਸੀ ਕਿ ਸਤਿਗੁਰੂ ਨੇ ਉਸ ਦਾ ਜੀਵਨ ਸਫ਼ਲ ਕਰ ਦਿੱਤਾ ਹੈ। ਬਾਬਾ ਮੋਤੀ ਰਾਮ ਜੀ ਆਪਣਾ ਸਭ ਕੁਝ ਦਾਅ ਤੇ ਲਾ ਕੇ ਦੁੱਧ ਛਕਾਉਣ ਦੀ ਇਹ ਸੇਵਾ ਕਰਕੇ ਧੰਨ ਹੋ ਗਏ। ਤਿੰਨੇ ਰਾਤਾਂ 10,11,12 ਪੋਹ ਨੂੰ ਬਾਬਾ ਜੀ ਨੇ ਇਹ ਸੇਵਾ ਨਿਭਾਈ। ਇਸ ਗਾਖੜੀ ਸੇਵਾ ਕਰਕੇ ਹੀ ਬਾਬਾ ਮੋਤੀ ਰਾਮ ਜੀ ਪਰਥਾਇ ਹਰ ਸ਼ਰਧਾਲੂ ਦੀ ਜ਼ੁਬਾਨ ਤੇ ਇਹ ਅੱਖਰ ਵਸੇ ਹੋਏ ਹਨ ਕਿ:

**ਧੰਨ ਮੋਤੀ ਜਿਨ ਪੁੰਨ ਕਮਾਇਆ ॥**
**ਗੁਰ ਲਾਲਾਂ ਨੂੰ ਦੁੱਧ ਪਿਲਾਇਆ ॥**

(11 ਪੋਹ) ਬਾਕੀ ਅਗਲੇ ਅੰਕ ਵਿਚ



follow us on /anandpurwaasi


11 ਪੋਹ
@anandpurwaasi
• ਸਾਕਾ ਸਰਹੰਦ •
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਸੂਬਾ ਸਰਹਿੰਦ ਵਜੀਦ ਖਾਨ ਦੀ
ਕਚਿਹਰੀ ਵਿਚ ਸਾਹਿਬਜ਼ਾਦਿਆਂ ਦੀ
ਪਹਿਲੀ ਪੇਸ਼ੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

## 11 ਪੋਹ



ਕਾਲੀ ਬੋਲੀ ਰਾਤ ਮਸਾਂ ਬੀਤੀ ਸੀ ਕਿ 11 ਪੋਹ ਦਾ ਮਨਹੂਸ ਦਿਨ ਚੜ੍ਹਿਆ। ਸੂਬਾ ਸਰਹੰਦ ਵਜ਼ੀਰ ਖਾਨ ਦੀ ਕਚਹਿਰੀ ਲੱਗੀ ਤੇ ਉਸਦੇ ਹੁਕਮ ਤੇ ਦੋ ਸਿਪਾਹੀ ਨੇਜੇ ਤੇ ਤਲਵਾਰਾਂ ਨਾਲ ਲੈਸ ਹੋ ਕੇ ਸਾਹਿਬਜ਼ਾਦਿਆਂ ਨੂੰ ਲੈਣ ਆਏ। ਮਾਤਾ ਜੀ ਨੇ ਕਿਹਾ ਇਹ ਤਾਂ ਬੱਚੇ ਨੇ ਇਹਨਾਂ ਦਾ ਕੀ ਕਸੂਰ ਤੁਸੀਂ ਮੈਨੂੰ ਲੈ ਚਲੋ ਤੇ ਪੁਛੋ ਜੋ ਪੁੱਛਣਾ ਹੈ। ਸਿਪਾਹੀ ਕਹਿੰਦੇ ਨਵਾਬ ਨੇ ਸਿਰਫ ਇਹਨਾਂ ਨੂੰ ਮਿਲਣਾ ਹੈ ਅਸੀਂ ਹੁਣੇ ਵਾਪਸ ਛੱਡ ਜਾਵਾਂਗੇ।

1

follow us on /anandpurwaasi




ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਧਰਮ ਤੇ ਦ੍ਰਿੜ ਰਹਿਣ ਦਾ ਉਪਦੇਸ਼ ਦਿੱਤਾ, ਅੱਗੋਂ ਸਾਹਿਬਾਂ ਨੇ ਕਿਹਾ ਮਾਤਾ ਜੀ ਅਸੀਂ ਐਸੇ ਕਾਰਨਾਮੇ ਕਰਾਂਗੇ ਕਿ ਆਉਣ ਵਾਲੀਆਂ ਪੀੜੀਆਂ ਯਾਦ ਕਰਨਗੀਆਂ ਕਿਉਂਕਿ ਸਾਡੀਆਂ ਰਗਾਂ ਵਿਚ ਸ਼ਹੀਦ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਕਲਗੀਆਂ ਵਾਲੇ ਬਾਪੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਹੂ ਵਹਿ ਰਿਹਾ ਹੈ। ਇਹ ਕਹਿਕੇ ਸਾਹਿਬਜਾਦੇ ਸਿਪਾਹੀਆਂ ਨਾਲ ਚੱਲ ਪਏ। ਰਸਤੇ ਵਿਚ ਹੀ ਸਿਪਾਹੀ ਉਹਨਾਂ ਨੂੰ ਕਹਿਣ ਲੱਗੇ ਜਾਂਦੇ ਹੀ ਨਵਾਬ ਨੂੰ ਸਲਾਮ ਕਰਨੀ ਹੈ ਇਸ ਤਰਾਂ ਉਹ ਖੁਸ਼ ਹੋ ਕੇ ਤੁਹਾਨੂੰ ਮਨਪਸੰਦ ਇਨਾਮ ਦੇਣਗੇ। 2

follow us on /anandpurwaasi




ਜਦੋਂ ਨਵਾਬ ਦੀ ਕਚਹਿਰੀ ਦੇ ਬਾਹਰ ਪਹੁੰਚੇ ਤਾਂ ਵੱਡਾ ਦਰਵਾਜਾ ਬੰਦ ਸੀ ਅਤੇ ਛੋਟੀ ਬਾਰੀ ਖੁੱਲੀ ਸੀ ਤਾਂ ਕਿ ਜਦੋਂ ਬਾਬਾ ਜੀ ਹੁਰੀਂ ਅੰਦਰ ਵੜਨ ਤਾਂ ਸਿਰ ਨਵਾਬ ਅੱਗੇ ਝੁਕ ਜਾਵੇ। ਅਹਿਲਕਾਰ ਸੋਚਦੇ ਸਨ ਕਿ ਜਦੋਂ ਸਾਹਿਬਜ਼ਾਦੇ ਸੀਸ ਝੁਕਾਉਣਗੇ ਤੇ ਅਸੀਂ ਤਾੜੀਆਂ ਮਾਰਾਂਗੇ ਕਿ ਬਾਗੀ ਗੁਰੂ ਦੇ ਬਚਿਆਂ ਨੇ ਸੂਬੇ ਅੱਗੇ ਸਿਰ ਝੁਕਾ ਕੇ ਈਨ ਮੰਨ ਲਈ ਪਰ ਓਹ ਨਹੀਂ ਜਾਣਦੇ ਸਨ ਕਿ ਹਿਮਾਲਿਆ ਜਿਹਾ ਪਰਬਤ ਭਾਵੇਂ ਝੁਕ ਜਵੇ ਪਰ ਗੁਰੂ ਗੋਬਿੰਦ ਸਿੰਘ ਦੇ ਲਾਲ ਇਕ ਅਕਾਲ ਤੋਂ ਬਿਨਾਂ ਕਿਸੇ ਅੱਗੇ ਨਹੀਂ ਝੁਕਦੇ:

**ਝੁਕ ਜਾਊ ਹਿਮਾਲਾ ਦਾ ਸੀਸ ਐਪਰ, ਕਲਗੀਧਰ ਦੇ ਲਾਡਲੇ ਝੁਕਣੇ ਨਹੀਂ।** 3

follow us on /anandpurwaasi

## 11 ਪੋਹ




ਅੰਦਰ ਵੜਨ ਤੋਂ ਪਹਿਲਾਂ ਬਾਬਾ ਜ਼ੋਰਾਵਰ ਸਿੰਘ ਜੀ ਨੇ ਬਾਬਾ ਫਤਿਹ ਸਿੰਘ ਜੀ ਨੂੰ ਕਿਹਾ ਕਿ ਵੀਰ ਜੀ ਇਹ ਮੁਗਲ ਬੜੇ ਦਗੇਬਾਜ ਨੇ ਸਾਨੂੰ ਖਿੜਕੀ ਰਾਹੀਂ ਝੁਕਾਉਣ ਨੂੰ ਫਿਰਦੇ ਨੇ ਪਰ ਆਪਾਂ ਏਦਾਂ ਨਹੀਂ ਝੁਕਣਾ ਸੋ ਜਿਵੇਂ ਮੈਂ ਕਰਾਂਗਾ ਮੇਰੇ ਪਿੱਛੇ ਤੁਸੀਂ ਵੀ ਓਦਾਂ ਕਰਿਓ। ਬਾਬਾ ਫਤਿਹ ਸਿੰਘ ਜੀ ਨੇ ਹਾਮੀ ਭਰੀ ਅਤੇ ਸੂਰਮਿਆਂ ਨੇ ਬਾਰੀ ਵਿਚ ਸਿਰ ਲੰਘਾਉਣ ਤੋਂ ਪਹਿਲਾਂ ਪੈਰ ਲੰਘਾ ਲਏ। ਜਦੋਂ ਸਭਾ ਵਿਚ ਬੈਠੇ ਸਰਕਾਰੀ ਬੰਦਿਆਂ ਨੇ ਇਹ ਸਭ ਕੁਝ ਵੇਖਿਆ ਤਾਂ ਦੰਗ ਰਹਿ ਗਏ ਕਿ ਛੋਟੇ ਛੋਟੇ ਬੱਚਿਆਂ ਨੇ ਸਾਡੀ ਕੂਟਨੀਤੀ ਸਫਲ ਨੀ ਹੋਣ ਦਿਤੀ।

4

follow us on /anandpurwaasi

## 11 ਪੋਹ



ਜਦੋਂ ਦੋਵੇਂ ਸਾਹਿਬਜ਼ਾਦੇ ਨਵਾਬ ਦੀ ਕਚਿਹਰੀ ਵਿੱਚ ਪੁੱਜੇ ਤਾਂ ਨਵਾਬ ਦੇ ਸਨਮੁੱਖ ਖੜ੍ਹੇ ਕੇ ਜੈਕਾਰੇ ਛੱਡੇ ਜਿਸ ਨਾਲ ਸਾਰੀ ਕਚਹਿਰੀ ਗੁੰਜ ਉਠੀ ਅਤੇ ਦੋਵਾਂ ਨੇ ਜੈਕਾਰਿਆਂ ਤੋਂ ਬਾਅਦ: ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ॥ ਬੁਲੰਦ ਅਵਾਜ਼ ਨਾਲ ਬੁਲਾਈ। ਅਕਾਲ ਦਾ ਜੈਕਾਰਾ ਅਤੇ ਵਾਹਿਗੁਰੂ ਜੀ ਦੀ ਫ਼ਤਹਿ ਸੁਣ ਕੇ ਸਾਰੀ ਕਚਹਿਰੀ ਠਠੰਬਰ ਗਈ। ਨਵਾਬ ਅਤੇ ਕਚਿਹਰੀ ਵਿੱਚ ਹਾਜ਼ਰ ਸਾਰੇ ਲੋਕ ਹੈਰਾਨ ਸਨ ਕਿ ਇਹ ਨੰਨ੍ਹੇ-ਨੰਨ੍ਹੇ ਬਾਲਕ ਕਿਸ ਮਿੱਟੀ ਦੇ ਬਣੇ ਹੋਏ ਹਨ ਜਿਨ੍ਹਾਂ ਨੇ ਨਵਾਬ ਦਾ ਜਰਾ ਵੀ ਡਰ ਨਹੀਂ ਮੰਨਿਆ। ਇਨ੍ਹਾਂ ਦੇ ਚਿਹਰੇ ਤੇ ਨੂਰ ਛਲਕਾਂ ਮਾਰਦਾ ਪਿਆ ਹੈ। ਮੌਤ ਦਾ ਖ਼ੌਫ ਇਨ੍ਹਾਂ ਦੇ ਨੇੜੇ ਨਹੀਂ ਫਟਕਦਾ।



follow us on /anandpurwaasi

## 11 ਪੋਹ



(ਚਰਨ ਸਿੰਘ ਸਫ਼ਰੀ)

ਜਾਂਦਿਆਂ ਸਾਰ ਭਰੇ ਦਰਬਾਰ ਅੰਦਰ, ਸਾਹਿਬਜ਼ਾਦਿਆਂ ਫ਼ਤਹਿ ਗਜਾ ਦਿੱਤੀ।
ਸਤਿ ਸ੍ਰੀ ਅਕਾਲ ਦਾ ਮਾਰ ਨਾਹਰਾ, ਤਸਬੀ ਕਾਜ਼ੀ ਦੇ ਹੱਥੋਂ ਛੁਡਾ ਦਿੱਤੀ।
ਸੂਬੇ ਆਖਿਆ ਕਰੋ ਸਲਾਮ ਮੁੰਡਿਓ, ਉਨ੍ਹਾਂ ਸਾਹਮਣੇ ਜੁੱਤੀ ਵਿਖਾ ਦਿੱਤੀ।
ਉਨ੍ਹਾਂ ਜਦੋਂ ਤਲਵਾਰ ਦਾ ਖੌਫ ਦਿੱਤਾ, ਅੱਗੋਂ ਹੱਸ ਕੇ ਧੌਣ ਅਕੜਾ ਦਿੱਤੀ।

ਇਸ ਗੁਰੂ ਮਾਰੀ ਸਰਹਿੰਦ ਵਿਚ ਸੂਬੇ ਦੀ ਪੇਸ਼ਕਾਰੀ ਕਰਨ ਵਾਲਾ ਨੀਚ ਮਨੁਖ ਸੁੱਚਾ ਨੰਦ ਬ੍ਰਾਹਮਣ ਸੀ। ਇਸ ਮਰੀ ਜਮੀਰ ਵਾਲੇ ਦਾ ਕੰਮ ਨਵਾਬ ਨੂੰ ਖੁਸ਼ ਕਰਨਾ ਸੀ ਸੋ ਇਸਦੀ ਵਜ਼ੀਰ ਖਾਨ ਨਾਲ ਕਾਫੀ ਨੇੜਤਾ ਸੀ।



follow us on /anandpurwaasi

11 ਪੋਹ




# ਸੁੱਚਾ ਨੰਦ ਦੀ ਕਮੀਨਗੀ

ਕਵੀ ਭਾਈ ਸੰਤੋਖ ਸਿੰਘ ਜੀ ਅਨੁਸਾਰ ਇਹ ਨੀਚ ਖੜ੍ਰੀ ਗੁਰੂਘਰ ਵਿਚ ਆਪਣੀ ਲੜਕੀ ਦਾ ਰਿਸ਼ਤਾ ਕਰਨਾ ਚਾਹੁੰਦਾ ਸੀ ਪਰ ਇਸਦੀ ਕਮੀਨਗੀ ਕਰਕੇ ਗੱਲ ਸਿਰੇ ਨਾ ਚੜ੍ਹੀ ਜਿਸ ਦਾ ਬਦਲਾ ਲੈਣ ਦਾ ਮਨ ਇਸਨੇ ਬਣਾ ਲਿਆ ਸੋ ਇਹ ਸਾਹਿਬਜ਼ਾਦਿਆਂ ਖ਼ਿਲਾਫ਼ ਵਜੀਦੇ ਦੇ ਕੰਨ ਭਰਨ ਲੱਗਾ। **ਸਾਹਿਬਜ਼ਾਦਿਆਂ ਦੇ ਜੈਕਾਰੇ ਅਤੇ ਫਤਹਿ ਦੇ ਜਵਾਬ ਵਿਚ ਇਸਨੇ ਕਿਹਾ ਕਿ ਇਹ ਤੁਹਾਡੇ ਪਿਤਾ ਦਾ ਦਰਬਾਰ ਨਹੀਂ ਸੂਬਾ ਏ ਸਰਹੰਦ ਦਾ ਦਰਬਾਰ ਹੈ ਸੋ ਹੁਣੇ ਨਵਾਬ ਨੂੰ ਝੁਕ ਕੇ ਸਲਾਮ ਕਰੋ।** ਵਜ਼ੀਰ ਖਾਨ ਨੇ ਕਿਹਾ ਤੁਸੀਂ ਬੜੇ ਸਿਆਣੇ ਅਤੇ ਪਿਆਰੇ ਬੱਚੇ ਹੋ, ਤੁਸੀਂ ਇਸਲਾਮ ਕਬੂਲ ਕਰ ਲਵੋ, ਤੁਹਾਨੂੰ ਨਵਾਬੀਆਂ ਮਿਲਣਗੀਆਂ ਧਰਤੀ ਤੋਂ ਅਸਮਾਨ ਤੱਕ ਤੁਹਾਡਾ ਰਾਜ ਭਾਗ ਬਣਾ ਦਿਆਂਗੇ। ਸੂਬੇ ਦੀ ਗੱਲ ਵਿਚ ਹੀ ਸੁਚਾ ਨੰਦ ਨੇ ਦੁਬਾਰਾ ਕਿਹਾ ਕਿ ਜਿਵੇਂ ਨਵਾਬ ਜੀ ਕਹਿੰਦੇ ਨੇ ਕਬੂਲ ਕਰ ਲਵੋ।



follow us on /anandpurwaasi




ਸਾਹਿਬਜ਼ਾਦਿਆਂ ਨੇ ਦਲੇਰੀ ਨਾਲ ਜਵਾਬ ਦਿਤਾ ਕਿ ਅਸੀਂ ਗੁਰੂ ਨਾਨਕ ਪਾਤਸ਼ਾਹ ਦਾ ਕਲਮਾ ਪੜ੍ਹਿਆ ਹੈ ਹੁਣ ਹੋਰ ਕਿਸੇ ਕਲਮੇ ਦੀ ਸਾਨੂੰ ਜਰੂਰਤ ਨਹੀਂ। ਬਾਕੀ ਰਹੀ ਸਲਾਮ ਦੀ ਗੱਲ "ਜੋ ਹਮ ਸਚੇ ਪਤਸ਼ਾਹ ਕੋ ਸਲਾਮ ਕੀਆ ਹੈ, ਅਉਰ ਕੋ ਸਲਾਮ ਨਹੀਂ ਕਰਤੇ।" ਇਹ ਸੁਣਕੇ ਸਾਰੀ ਕਚਹਿਰੀ ਆਪਸ ਵਿਚ ਗੱਲਾਂ ਕਰਨ ਲੱਗੀ ਕਿ ਕੈਸੇ ਨਿਡਰ ਤੇ ਨਿਰਲੋਭ ਬੱਚੇ ਹਨ ਕਿ ਵਜੀਦੇ ਦਾ ਖੌਂਫ ਈ ਨਹੀਂ ਮੰਨਦੇ। ਸੁੱਚਾ ਨੰਦ ਨੇ ਮੌਕਾ ਤਾੜਦਿਆਂ ਕਿਹਾ ਜਨਾਬ ਮੈਨੂੰ ਥੋੜ੍ਹਾ ਸਮਾਂ ਦਿਓ ਮੈਂ ਹੁਣੇ ਹੀ ਇਹਨਾਂ ਦੀ ਪਰਖ ਕਰਕੇ ਦੱਸਦਾਂ ਕਿ ਇਹਨਾਂ ਦੇ ਮਨ ਵਿਚ ਕੀ ਹੈ। ਇਸ ਝੂਠਾ ਨੰਦ ਨੇ ਕਚਿਹਰੀ ਤੋਂ ਬਾਹਰ ਤਖਤਪੋਸ਼ ਲਵਾ ਕੇ ਉਪਰ ਮਿਠਾਈਆਂ, ਖਿਡੌਂਣੇ ਅਤੇ ਸ਼ਸਤ੍ਰ ਸਜਾ ਦਿਤੇ ਕਿ ਜੇ ਭੋਲੇ ਭਾਲੇ ਹੋਏ ਤਾਂ ਖਿਡੌਂਣੇ ਜਾਂ ਮਠਿਆਈ ਚੁੱਕਣਗੇ ਤੇ ਜੇ ਬਾਗੀ ਹੋਏ ਤਾਂ ਸ਼ਸਤਰ ਚੁੱਕਣਗੇ। ਦੋਵੇਂ ਸਾਹਿਬਜ਼ਾਦਿਆਂ ਨੇ ਹੋਰ ਕੋਈ ਦੁਕਾਨ ਨਾ ਵੇਖੀ ਸਿੱਧਾ ਈ ਸ਼ਸਤਰਾਂ ਕੋਲ ਜਾ ਖੜ੍ਹ ਗਏ।



follow us on /anandpurwaasi




ਬਾਬਾ ਜ਼ੋਰਾਵਰ ਸਿੰਘ ਜੀ ਨੇ ਬੰਦੂਕ ਅਤੇ ਬਾਬਾ ਫ਼ਤਹਿ ਸਿੰਘ ਜੀ ਨੇ ਇਕ ਸੋਹਣਾ ਨੇਜਾ ਚੁੱਕ ਲਿਆ। ਸੁੱਚਾ ਨੰਦ ਨੇ ਪੁੱਛਿਆ ਇਹਨਾਂ ਦਾ ਤੁਸੀਂ ਕੀ ਕਰੋਗੇ ਤਾਂ ਬਾਬਾ ਫਤਿਹ ਸਿੰਘ ਜੀ ਨੇ ਕਿਹਾ 'ਫਤੇ ਸਿੰਘ ਕੇ ਜਥੇ ਸਿੰਘ'। ਕਹਿੰਦੇ ਅਸੀਂ ਜੰਗਲਾਂ ਵਿਚ ਜਾਕੇ ਖਿੰਡੇ ਪੰਡੇ ਸਿੰਘਾਂ ਨੂੰ ਇਕੱਠਾ ਕਰਾਂਗੇ ਜਿੰਨਾ ਚਿਰ ਤੁਰਕਾਂ ਦੀ ਜੜ੍ਹ ਨੀ ਪੁੱਟੀ ਜਾਂਦੀ ਅਸੀਂ ਲੜਦੇ ਰਹਾਂਗੇ। ਸੁੱਚਾ ਨੰਦ ਨੇ ਆਪਣੀ ਚਾਲ ਖੇਡੀ ਅਤੇ ਸੂਬਾ ਸਰਹੰਦ ਨੂੰ ਕਿਹਾ ਹਜ਼ੂਰ "ਇਹ ਸ਼ੀਰ ਖੋਰ ਨਾਹੀ। ਸ਼ੇਰ ਕੇ ਬੱਚੇ ਹੈਂ ਜਦ ਸਿਆਣੇ ਹੋਏਂਗੇ ਤਬ ਇਹ ਭੀ ਤੂਫ਼ਾਨ ਉਠਾਂਏਂਗੇ।" ਵਜ਼ੀਰ ਖਾਨ ਨੇ ਪੁੱਛਿਆ ਕਿ ਤੁਸੀਂ ਸੱਚੀਂ ਏਦਾਂ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਨਿਧੜਕ ਹੋ ਕੇ ਕਿਹਾ ਹਾਂ ਅਸੀਂ ਲੜਦੇ ਰਹਾਂਗੇ ਜਦੋਂ ਤੱਕ ਜ਼ੁਲਮੀ ਰਾਜ ਦੀ ਜੜ੍ਹ ਨਹੀਂ ਪੁੱਟੀ ਜਾਂਦੀ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

>>>ਬਾਕੀ ਅਗਲੇ ਅੰਕ ਵਿਚ >>>



follow us on /anandpurwaasi


11 ਪੋਹ (ਰਾਤ)
@anandpurwaasi
• ਸਾਕਾ ਸਰਹੰਦ •
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਠੰਡੇ ਬੁਰਜ ਵਿਚ ਦੂਜੀ ਰਾਤ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

## 11 ਪੋਹ (ਰਾਤ)



ਸਾਹਿਬਜ਼ਾਦਿਆਂ ਦੇ ਦਲੇਰੀ ਭਰੇ ਜਵਾਬ ਸੁਣ ਕੇ ਸੁਚਾ ਨੰਦ ਨੇ ਕਿਹਾ ਤੁਹਾਡੇ ਵੱਡੇ ਭਰਾਵਾਂ ਨੂੰ ਅਸੀਂ ਚਮਕੌਰ ਦੀ ਜੰਗ ਵਿਚ ਮਾਰ ਦਿੱਤਾ ਹੈ ਹੁਣ ਤੁਹਾਡੇ ਪਿਤਾ ਨੂੰ ਵੀ ਮਾਰ ਦੇਣਾ ਹੈ, ਏਨੀ ਗੱਲ ਸੁਣ ਕੇ ਸਾਹਿਬਜ਼ਾਦੇ ਰੋਹ ਵਿਚ ਆਏ ਅਤੇ ਕਿਹਾ ਓ ਪੰਡਤਾ ! ਸਾਡੇ ਪਿਤਾ ਨੂੰ ਕੋਈ ਨਹੀਂ ਮਾਰ ਸਕਦਾ । "ਸ੍ਰੀ ਸਤਿਗੁਰ ਜੋ ਪਿਤਾ ਹਮਾਰਾ । ਜਗ ਮਹਿੰ ਕੌਨ ਸਕਹਿ ਤਿਹ ਮਾਰਾ ।" ਤੂੰ ਸਾਨੂੰ ਸਿੱਖੀ ਤਿਆਗ ਕੇ ਮੁਸਲਮਾਨ ਬਣਨ ਲਈ ਕਹਿ ਰਿਹਾ ਹੈ ? ਤੇਰੀ ਸੋਚ ਨੂੰ ਲਾਹਣਤ ਹੈ ਤੂੰ ਨਹੀਂ ਜਾਣਦਾ "ਹਮਰੇ ਬੰਸ ਰੀਤ ਇਮ ਆਈ । ਸੀਸ ਦੇਤ ਪਰ ਧਰਮ ਨਹਿ ਜਾਈ ।" ਅੱਗੋਂ ਸੁਚਾ ਨੰਦ ਨੇ ਕਚਹਿਰੀ ਵਿਚ ਸਿਰ ਤੇ ਹੱਥ ਮਾਰਦਿਆਂ ਕਿਹਾ 'ਇਹ ਮੂਏ ਬਿਨ ਨਹਿ ਕਲਿਯਾਨੀ' । ਹੁਣ ਸਾਹਿਬਜ਼ਾਦਿਆਂ ਨੂੰ ਸੋਚਣ ਦਾ ਸਮਾਂ ਦਿਤਾ ਗਿਆ ਕਿ ਕੱਲ੍ਹ ਤੱਕ ਦਾ ਵਕਤ ਹੈ ਇਸਲਾਮ ਕਬੂਲ ਕਰ ਲਵੋ ਨਹੀਂ ਤਾਂ ਮਾਰੇ ਜਾਵੋਗੇ । ਗੁਰੂ ਕੇ ਲਾਲ ਸਿਪਾਹੀਆਂ ਨਾਲ ਠੰਡੇ ਬੁਰਜ ਵਿੱਚ ਦਾਦੀ ਮਾਂ ਕੋਲ ਵਾਪਸ ਆ ਗਏ ।

1

follow us on /anandpurwaasi

# 11 ਪੋਹ (ਰਾਤ)

ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਮੁਸਕਰਾਉਂਦੇ, ਚਿਹਰੇ ਤੇ ਲਾਲੀ ਝਲਕਾਂ ਮਾਰਦੀ; ਆਪਣੀ ਪਿਆਰੀ ਦਾਦੀ ਨੂੰ ਜਾ ਚੰਬੜੇ, ਦਾਦੀ ਮਾਤਾ ਨੇ ਦੋਵਾਂ ਲਾਲਾਂ ਨੂੰ ਗਲਵੱਕੜੀ ਵਿੱਚ ਲੈ ਕੇ ਪਿਆਰ ਦਿੱਤਾ ਤੇ ਮੱਥਾ ਚੁੰਮ ਕੇ ਪੁੱਛਿਆ, ਮੇਰੇ ਲਾਡਲਿਓ ! ਅੱਜ ਸੂਬੇ ਦੀ ਕਚਹਿਰੀ ਵਿੱਚ ਕੀ ਹੋਇਆ ?



ਜੋ ਜੋ ਕਚਹਿਰੀ ਵਿਚ ਹੋਇਆ ਗੁਰੂ ਲਾਲਾਂ ਨੇ ਬੜੇ ਚਾਅ ਨਾਲ ਦੱਸਿਆ ਕਿ **ਦਾਦੀ ਜੀ ! ਤੁਹਾਡੇ ਪੋਤੇ ਡੋਲੇ ਨਹੀਂ ਬਥੇਰਾ ਲਾਲਚ ਦਿਤਾ । ਅਸੀਂ ਸੂਬੇ ਦੀ ਕਚਿਹਰੀ ਵਿੱਚ ਜੈਕਾਰੇ ਗਜਾ ਕੇ ਆਏ ਹਾਂ ।** ਸੁੱਚਾ ਨੰਦ ਬਾਰੇ ਵੀ ਸਭ ਕੁਝ ਦਸਿਆ, ਅਸੀਂ ਉਸਨੂੰ ਹਿੰਦੂਆਂ ਦੇ ਤਿਲਕ ਜੰਞੂ ਲਈ ਦਾਦਾ ਜੀ ਦੀ ਸ਼ਹੀਦੀ ਬਾਰੇ ਵੀ ਦਸਿਆ ਕਿ ਤੂੰ ਸਾਡਾ ਧਰਮ ਬਦਲਣਾ ਚਾਉਂਦਾ ਹੈਂ ਜਦਕਿ ਤੁਹਾਡੇ ਧਰਮ ਦੀ ਰੱਖਿਆ ਸਾਡੇ ਦਾਦਾ ਜੀ ਨੇ ਪਰਉਪਕਾਰ ਕਰਕੇ ਕੀਤੀ । 2

follow us on /anandpurwaasi

# 11 ਪੋਹ (ਰਾਤ)




ਜਦੋਂ ਸਾਹਿਬਜ਼ਾਦਿਆਂ ਨੇ ਦੱਸਿਆ ਕਿ ਸਾਨੂੰ ਕਤਲ ਕਰਨ ਦੀਆਂ ਧਮਕੀਆਂ ਦਿਤੀਆਂ ਹਨ ਤਾਂ ਮਾਤਾ ਜੀ ਵੈਰਾਗ ਚ ਆ ਗਏ ਸਾਹਿਬਜ਼ਾਦਿਆਂ ਨੇ ਕਿਹਾ ਦਾਦੀ ਜੀ ! ਤੁਸੀਂ ਚਿੰਤਾ ਨਾ ਕਰੋ, **ਅਸੀਂ ਤਾਂ ਬਹੁਤ ਛੇਤੀ ਦਾਦਾ ਜੀ ਦੀ ਗੋਦ ਵਿਚ ਜਾਣਾ ਚਾਹੁੰਦੇ ਹਾਂ, ਨਾਲੇ ਓਥੇ ਸ਼ਾਇਦ ਸਾਨੂੰ ਸਾਡੇ ਵਡੇ ਵੀਰ ਮਿਲ ਜਾਣਗੇ।** ਦਾਦੀ ਮਾਂ ਨੇ ਘੁੱਟ ਕੇ ਦੋਵਾਂ ਨੂੰ ਗਲ਼ ਨਾਲ ਲਾਇਆ ਤੇ ਕਿਹਾ ਮੇਰੇ ਲਾਡਲੇ ਬੱਚਿਓ ਤੁਹਾਡੇ ਤੇ ਬਹੁਤ ਜ਼ੁਲਮ ਹੋਣਗੇ ਤਸੀਹੇ ਮਿਲਣਗੇ ਪਰ ਤੁਸੀਂ ਡੋਲਣਾ ਨਹੀਂ। ਭਾਣਾ ਵਰਤਣਾ ਅਵਸ਼ ਹੈ ਪਰ ਤੁਸੀਂ ਜਰਾ ਜਿੰਨੀ ਵੀ ਈਨ ਨਹੀਂ ਮੰਨਣੀ।



follow us on /anandpurwaasi

# 11 ਪੋਹ (ਰਾਤ)



ਦੋਵੇਂ ਲਾਲ ਕਹਿਣ ਲੱਗੇ ਮਾਤਾ ਜੀ ! ਯਾਦ ਰੱਖਿਓ ਸਾਨੂੰ ਮਾਰਨ ਵਾਲੇ ਆਪ ਮਰ ਜਾਣਗੇ ਪਰ ਅਸੀਂ ਆਤਮਿਕ ਜੀਵਨ ਪ੍ਰਾਪਤ ਕਰ, ਧਰਮ ਤੇ ਦ੍ਰਿੜ ਰਹਿ ਕੇ ਹਮੇਸ਼ਾ ਲਈ ਅਮਰ ਹੋ ਜਾਵਾਂਗੇ, ਜਿਵੇਂ ਸਾਡੇ ਦਾਦਾ ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰਦੇਵ ਗੁਰੂ ਅਰਜਨ ਦੇਵ ਜੀ ਸ਼ਹਾਦਤ ਦੇ ਕੇ ਸਦਾ ਵਾਸਤੇ ਅਮਰ ਹੋ ਗਏ ਹਨ। ਤੁਸੀਂ ਫਿਕਰ ਨਾ ਕਰੋ ਸਾਨੂੰ ਸਰੀਰ ਨਾਲ ਰਤਾ ਭਰ ਵੀ ਮੋਹ ਨਹੀਂ ਹੈ।

ਮਾਤਾ ਜੀ ਦੇ ਮਨ ਵਿਚ ਕਿਸੇ ਅਣਹੋਣੇ ਵਰਤਾਰੇ ਦੇ ਵਰਤਣ ਦਾ ਅਹਿਸਾਸ ਹੋ ਰਿਹਾ ਸੀ। ਉਹ ਹਰ ਪਲ ਸਾਹਿਬਜ਼ਾਦਿਆਂ ਨੂੰ ਗੁਰਸਿੱਖੀ ਨਾਲ ਗੜੂੰਦ ਕਰਕੇ ਹਰ ਤਰਾਂ ਦੇ ਡਰ ਭੌਂ ਤੋਂ ਰਹਿਤ ਕਰ ਰਹੇ ਸਨ।



follow us on /anandpurwaasi

@anandpurwaasi

# 11 ਪੋਹ (ਰਾਤ)



ਮਾਤਾ ਜੀ ਨੇ ਦੋਵਾਂ ਲਾਡਲੇ ਲਾਲਾਂ ਨੂੰ ਆਪਣੀ ਗੋਦ ਵਿੱਚ ਇਕੱਠੇ ਬਿਠਾ ਕੇ ਸੋਦਰ ਤੇ ਸੋਹਿਲੇ ਜੀ ਦੇ ਪਾਠ ਕੀਤੇ। **ਤਿੰਨਾਂ ਦਿਨਾਂ ਦੇ ਭੁੱਖੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਮੁੜ ਅੱਧੀ ਰਾਤ ਪਹਿਰੇਦਾਰਾਂ ਨੂੰ ਘਰ ਦਾ ਗਹਿਣਾ ਗੱਟਾ ਵੇਚ ਕੇ ਬਾਬਾ ਮੋਤੀ ਰਾਮ ਜੀ ਨੇ ਗਰਮ-ਗਰਮ ਦੁੱਧ ਛਕਾਇਆ।** ਮਾਤਾ ਜੀ ਨੇ ਮੋਤੀ ਰਾਮ ਮਹਿਰਾ ਜੀ ਨੂੰ ਅਨੇਕਾਂ ਅਸੀਸਾਂ ਦੇ ਕੇ ਵਿਦਾ ਕੀਤਾ। ਦੁੱਧ ਪੀ ਕੇ ਸਾਹਿਬਜ਼ਾਦੇ ਮਾਤਾ ਜੀ ਦੀ ਗੋਦ ਦਾ ਨਿੱਘ ਮਾਣਦੇ ਅਰਾਮ ਕਰਨ ਲਗ ਪਏ ਪਰ ਮਾਤਾ ਜੀ ਦੀਆਂ ਅੱਖਾਂ ਵਿੱ ਨੀਂਦ ਕਿਵੇਂ ਆਵੇ? ਸਾਰੀ ਰਾਤ ਮੁੜ ਜਾਗੋ ਮੀਟੀ ਵਿੱਚ ਬਤੀਤ ਹੋਈ।



@anandpurwaasi
follow us on /anandpurwaasi

# 11 ਪੋਹ (ਰਾਤ)

ਅਬ ਇਨ ਕੌਂ ਦੇ ਮਲੇਰੀਯਨ ਸੌਂਪਾਇ।
ਮਾਰੇ ਜਿਨ੍ਹਾਂ ਹੈ ਕਈ ਭਰਾਇ।
ਉਨਕੈ ਹੱਥੀਂ ਇਨ੍ਹੇਂ ਮਰਵਾਇ।
ਤਊ ਬਜੀਦੈ ਲਏ ਬੁਲਵਾਇ।

(ਸ੍ਰੀ ਗੁਰ ਪੰਥ ਪ੍ਰਕਾਸ਼, ਸ. ਰਤਨ ਸਿੰਘ ਭੰਗੂ)



ਉਧਰ ਸਤਿਗੁਰੂ ਜੀ ਪਾਸੋਂ ਮਿਲੀ ਹਾਰ ਤੋਂ ਬੁਖਲਾਏ ਵਜੀਦੇ ਨੇ ਗੁਰੂ ਲਾਲਾਂ ਨੂੰ ਜਾਨੋਂ ਮਾਰ ਦੇਣ ਦਾ ਪੱਕਾ ਇਰਾਦਾ ਬਣਾ ਲਿਆ ਪਰ ਇਸ ਘੋਰ ਪਾਪ ਦੀ ਸੋਚ ਨੇ ਉਸ ਦੇ ਦਿਲ ਨੂੰ ਚੈਨ ਨਾ ਲੈਣ ਦਿੱਤੀ। ਵਜੀਦ ਖਾਂ ਨੇ ਆਪਣੇ ਮਨ ਵਿੱਚ ਇੱਕ ਵਿਉਂਤ ਬਣਾ ਕੇ ਨਵਾਬ ਮਲੇਰਕੋਟਲਾ ਨੂੰ ਇੱਕ ਪੱਤਰ ਲਿਖਿਆ ਕਿ ਨਵਾਬ ਸਾਹਿਬ! ਤੁਸੀਂ ਸਾਰੇ ਰੁਝੇਵੇਂ ਛੱਡ ਕੇ ਕੱਲ ਨੂੰ ਹੀ ਮੇਰੀ ਕਚਹਿਰੀ ਵਿੱਚ ਜ਼ਰੂਰ ਪੁੱਜਣਾ ਹੈ।" ਉਸਦੀ ਵਿਉਂਤ ਇਹ ਸੀ ਕਿ ਮਲੇਰਕੋਟਲੀਏ ਸਰਦਾਰ ਅਜੇ ਹੁਣੇ ਹੀ ਚਮਕੌਰ ਦੀ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਮਾਰੇ ਗਏ ਹਨ, ਸੋ ਕਿਉਂ ਨਾ ਮਲੇਰਕੋਟਲੀਏ ਨਵਾਬ ਸ਼ੇਰ ਮੁਹੰਮਦ ਖਾਂ ਨੂੰ ਉਸਦੇ ਭਰਾਵਾਂ ਦਾ ਬਦਲਾ ਲੈਣ ਲਈ ਉਕਸਾ ਕੇ ਇਹ ਛੋਟੇ ਬੱਚਿਆਂ ਨੂੰ ਉਸਦੇ ਹੱਥੋਂ ਸ਼ਹੀਦ ਕਰਵਾ ਦਿੱਤਾ ਜਾਵੇ ਸੋ ਵਜ਼ੀਦ ਖਾਂ ਦਾ ਸੁਨੇਹਾ ਪਾ ਕੇ ਅਗਲੀ ਸਵੇਰ ਹੀ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਸਰਹਿੰਦ ਪੁੱਜ ਗਿਆ।



@anandpurwaasi
follow us on /anandpurwaasi

11 ਪੋਹ



# ਗੁਰੂ ਜੀ ਉੱਚ ਦੇ ਪੀਰ ਦੇ ਰੂਪ ਵਿਚ

10 ਪੋਹ ਦਾ ਦਿਨ ਗੁਰੂ ਜੀ ਨੇ ਗੁਲਾਬੇ ਦੇ ਘਰੇ ਬਿਤਾਇਆ। ਭਾਈ ਗਨੀ ਖਾਨ ਅਤੇ ਨਬੀ ਖਾਨ ਦੋਵੇਂ ਪਠਾਣ ਭਰਾ ਚੌਧਰੀ ਨਿਹੰਗ ਖਾਂ ਦੀ ਭੂਆ ਬੀਬੀ ਉਮਰੀ ਦੇ ਪੁੱਤਰ ਸਨ। ਇਹ ਘੋੜਿਆਂ ਦੇ ਸੌਦਾਗਰ ਸਨ ਅਤੇ ਗੁਰੂ ਜੀ ਦੇ ਪ੍ਰੇਮੀ ਸਨ, ਅਨੰਦਪੁਰ ਸਾਹਿਬ ਘੋੜੇ ਲੈਕੇ ਆਉਂਦੇ ਸਨ। ਇਹਨਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਗੁਲਾਬੇ ਦੇ ਘਰੇ ਠਹਿਰੇ ਹੋਏ ਹਨ ਤਾਂ ਇਹ ਗੁਰੂ ਜੀ ਦੇ ਸਨਮੁਖ ਆ ਕੇ ਹਾਜਰ ਹੋ ਗਏ।



©anandpurwaasi
follow us on /anandpurwaasi

11 ਪੋਹ



# ਉੱਚ ਦੇ ਪੀਰ ਬਣਨਾ

ਸ਼ਾਹੀ ਫੌਜ ਦੇ ਘੇਰੇ ਵਿਚੋਂ ਕਢਣ ਵਾਸਤੇ ਇਨ੍ਹਾਂ ਨੇ ਗੁਰੂ ਜੀ ਨੂੰ ਉਚ ਦੇ ਪੀਰ ਦਾ ਭੇਸ ਧਾਰਨ ਵਾਸਤੇ ਬੇਨਤੀ ਕੀਤੀ ਜਿਸਨੂੰ ਪ੍ਰਵਾਨ ਕਰਕੇ ਗੁਰੂ ਜੀ ਨੇ ਇਕ ਲੰਮਾ ਨੀਲਾ ਚੋਲਾ ਗਲ ਪਾ ਲਿਆ, ਕੇਸ ਪਿਠ ਪਿਛੇ ਖੁਲੇ ਸੁਟ ਦਿਤੇ। ਉਪਰ ਨੀਲੀ ਚਾਦਰ ਦੀ ਬੁਕਲ ਮਾਰ ਲਈ। ਗਲ ਵਿਚ ਹਥਾਂ ਵਿਚ ਮੁਸਲਮਾਨੀ ਤਰਜ਼ ਦੀਆਂ ਤਸਬੀਆਂ (ਮਾਲਾਂ)ਧਾਰਨ ਕਰ ਲਈਆਂ। ਉਪਰੰਤ ਗੁਰੂ ਜੀ ਨੂੰ ਇਕ ਡੋਲੇ ਵਿਚ ਬਿਠਾ ਕੇ ਅਗਲੇ ਦੋਵੇਂ ਪਾਸੇ ਇਨ੍ਹਾਂ ਦੋਹਾਂ ਭਰਾਵਾਂ ਨੇ ਆਪ ਚੁਕ ਲਏ ਅਤੇ ਪਿਛਲੇ ਪਾਵੇ ਭਾਈ ਧਰਮ ਸਿੰਘ ਤੇ ਮਾਨ ਸਿੰਘ ਨੂੰ ਚੁਕਾ ਦਿਤੇ। ਪਿਛੇ ਭਾਈ ਦਯਾ ਸਿੰਘ ਨੂੰ ਮੋਰਾਂ ਦੇ ਖੰਭਾਂ ਦਾ ਇਕ ਵੱਡਾ ਮੁਠਾ ਦੇਕੇ ਚੌਰ ਕਰਨ ਵਾਸਤੇ ਲਾ ਦਿਤਾ। ਇਸਤਰਾਂ ਦਾ ਕੌਤਕ ਰਚਕੇ ਗੁਰੂ ਜੀ ਨੂੰ ਉਚ ਦਾ ਪੀਰ ਪ੍ਰਗਟ ਕਰਕੇ ੧੧ ਪੋਹ ਦੀ ਪਿਛਲੀ ਰਾਤ ਨੂੰ ਪਿੰਡ ਵਿਚੋਂ ਨਿਕਲ ਤੁਰੇ। ਰਸਤੇ ਵਿਚ ਜੇਹੜਾ ਕੋਈ ਪੁਛੇ ਇਹ ਕੋਣ ਹਨ, ਤਾਂ ਅਗੋਂ ਗਨੀ ਖਾਂ ਨਬੀ ਖਾਂ ਆਖਣ ਇਹ ਉਚ ਦੇ ਪੀਰ ਹਨ। ਹੱਜ ਕਰਕੇ ਆਏ ਹਨ ਤੇ ਮਨ ਦੀ ਮੌਜ ਨਾਲ ਵਿਚਰ ਰਹੇ ਹਨ।



follow us on /anandpurwaasi

# 11 ਪੋਹ ਭਾਈ ਗਨੀ ਖਾਨ ਨਬੀ ਖਾਨ ਬਾਰੇ ਹੁਕਮਨਾਮਾ

ਇਹਨਾਂ ਦੀ ਸੇਵਾ ਤੇ ਪ੍ਰਸੰਨ ਹੋ ਕੇ ਕਲਗੀਧਰ ਜੀ ਨੇ ਇਹਨਾਂ ਨੂੰ ਹੁਕਮਨਾਮਾ ਬਖਸ਼ਿਸ਼ ਕੀਤਾ ਜੋ ਇਹਨਾਂ ਦੀ ਅੰਸ ਪਾਸ ਅੱਜ ਵੀ ਪਾਕਿਸਤਾਨ ਵਿੱਚ ਸੁਰੱਖਿਅਤ ਦਸੀਦਾ ਹੈ। ਸਾਹਿਬਾਂ ਨੇ ਇਸ ਵਿੱਚ ਕਿਹਾ ਹੈ ਕਿ "ਗਨੀ ਖਾਂ ਨਬੀ ਖਾਂ ਸਾਨੂੰ ਪੁੱਤਰਾਂ ਤੋਂ ਵਧਕੇ ਪਿਆਰੇ ਹਨ"। ਜਿੱਥੇ ਖਾਲਸੇ ਨੂੰ ਸਤਿਗੁਰੂ ਜੀ ਦਾ ਨਾਦੀ ਪੁੱਤਰ ਹੋਣ ਦਾ ਮਾਣ ਪ੍ਰਾਪਤ ਹੈ ਉਥੇ ਇਨ੍ਹਾਂ ਦੋਵਾਂ ਪਠਾਣ ਭਾਈਆਂ ਨੂੰ ਗੁਰੂ ਜੀ ਨੇ ਲਿਖਤੀ ਰੂਪ ਵਿੱਚ ਆਪਣੇ "ਫ਼ਰਜ਼ੰਦ" (ਪੁੱਤਰ) ਬਣਾ ਕੇ ਮਾਣ ਬਖਸ਼ਿਆ। ਇਹਨਾਂ ਦੋਵਾਂ ਗੁਰੂ ਪਿਆਰਿਆਂ ਦੀ ਯਾਦ ਵਿੱਚ ਗੁਰ ਅਸਥਾਨ ਵੀ ਉੱਸਰਿਆ ਹੋਇਆ ਹੈ ਅਤੇ ਉਸਦੇ ਬਾਹਰ ਗੁਰੂ ਸਾਹਿਬ ਵੱਲੋਂ ਬਖਸ਼ੇ ਹੁਕਮਨਾਮੇ ਦੀ ਇਬਾਰਤ ਇਸ ਪ੍ਰਕਾਰ ਲੱਗੀ ਹੋਈ ਹੈ:

"ੴ ਸਤਿਗੁਰੂ ਜੀਓ, ਸ੍ਰੀ ਵਾਹਿਗੁਰੂ ਜੀ ਕੀ ਆਗਿਆ ਹੈ ਕਿ ਸਰਬਤਿ ਸੰਗਤਿ ਉਪਰ ਮੇਰਾ ਹੁਕਮ ਹੈ- ਗਨੀ ਖਾਂ ਓਰ ਨਬੀ ਖਾਂ ਏਹੁ ਜੁ ਹੈਨਿ ਮੇਨੂ ਫਰਜੰਦਾਂ ਸ ਬਿਹਜ ਹੈਨਿ ਮੇਰੇ ਕੰਮ ਆਏ ਹੈਨਿ ਜੋ ਸਿਖਿ ਇਨਿ ਕੀ ਖਿਜਮਤ ਅੰਦਰਿ ਰੁਜੂ ਰਹੇਗਾ ਸੋ ਨਿਹਾਲ ਹੋਗੁ ਉਨ ਉਪਰਿ ਮੇਰੀ ਖੁਸੀ ਹੋਗੁ ਉਸਿ ਉਪਰਿ ਮੇਰਾ ਹਥੁ ਹੋਗੁ ਏਹ ਜੁ ਹੈਨਿ ਸੋ ਮੇਰੇ ਹੈਨਿ ਜੋ ਸਿਖਿ ਇਨ ਕੀ ਸੇਵਾ ਕਰੇਗਾ ਮੇਰੀ ਕਰੇਗਾ। "

>>>>(12 ਪੋਹ) ਬਾਕੀ ਅਗਲੇ ਅੰਕ ਵਿਚ>>>>



@anandpurwaasi
follow us on /anandpurwaasi


12 ਪੋਹ
• ਸਾਕਾ ਸਰਹੰਦ •
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਸੂਬਾ ਸਰਹਿੰਦ ਦੀ ਕਚਿਹਰੀ ਵਿਚ
ਸਾਹਿਬਜ਼ਾਦਿਆਂ ਦੀ ਦੂਜੀ ਪੇਸ਼ੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi




ਕਚਹਿਰੀ ਵਿਚ ਅੱਜ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਵੀ ਮੌਜੂਦ ਸੀ। ਸਾਹਿਬਜ਼ਾਦਿਆਂ ਨੇ ਜਾਕੇ ਜੈਕਾਰਾ ਗਜਾਇਆ ਅਤੇ ਜੋਰ ਦੀ ਫਤਿਹ ਬੁਲਾਈ। ਆਮ ਲੋਕ ਵੀ ਮਾਸੂਮਾਂ ਉਪਰ ਚਲਾਏ ਜਾ ਰਹੇ ਇਸ ਅਨੋਖੇ ਮੁਕੱਦਮੇ ਨੂੰ ਵੇਖਣ ਲਈ ਜਮਾ ਹੋ ਰਹੇ ਸਨ। ਓਹੀ ਗੱਲਾਂ ਦੁਹਰਾਈਆਂ ਗਈਆਂ ਕਿ ਇਸਲਾਮ ਵਿੱਚ ਆ ਜਾਓ ਕਿਉਂਕਿ ਤੁਹਾਡਾ ਪਿਤਾ ਭਰਾ ਅਤੇ ਸਿੰਘ ਅਸੀਂ ਖਤਮ ਕਰ ਦਿਤੇ ਨੇ ਹੁਣ ਤੁਸੀਂ ਕਿਸੇ ਪਾਸੇ ਨਹੀਂ ਜਾ ਸਕਦੇ। ਹਿੰਦੁਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਤੁਹਾਨੂੰ ਕੁਝ ਇਲਾਕੇ ਦਾ ਰਾਜ ਭਾਗ ਵੀ ਦੇਵੇਗਾ ਤੁਸੀਂ ਬਹੁਤ ਸੁਖ ਮਾਣੋਗੇ ਨਹੀਂ ਤੇ ਮਾਰੇ ਜਾਓਗੇ।

1

follow us on /anandpurwaasi




ਇਹ ਸੁਣ ਕੇ ਬਾਬਾ ਜ਼ੋਰਾਵਰ ਸਿੰਘ ਜੀ ਬੁਲੰਦ ਅਵਾਜ਼ ਵਿੱਚ ਬੋਲੇ ਕਿ ਅਸੀਂ ਤੁਹਾਨੂੰ ਆਪਣੇ ਨਿਸ਼ਚੇ ਬਾਰੇ ਦੱਸ ਚੁੱਕੇ ਹਾਂ ਕਿ ਸਾਨੂੰ ਅਸਾਡਾ ਧਰਮ ਜਾਨ ਤੋਂ ਵੀ ਪਿਆਰਾ ਹੈ। ਇਸ ਲਈ ਤੁਸੀਂ ਇਹ ਸੋਚ ਵੀ ਕਿਵੇਂ ਸਕਦੇ ਹੋ ਕਿ ਅਸੀਂ ਆਪਣਾ ਧਰਮ ਤਿਆਗ ਦੇਵਾਂਗੇ। ਵੈਸੇ ਵੀ ਤੁਹਾਡੀ ਹੀ ਸ਼ਰ੍ਹਾ ਵਿੱਚ ਸਾਫ਼ ਲਿਖਿਆ ਹੈ ਕਿ ਕਦੇ ਵੀ ਧੱਕੇ ਨਾਲ ਦੀਨ ਨੂੰ ਨਾ ਫੈਲਾਓ ਪਰ ਤੁਸੀਂ ਧਰਮ ਪ੍ਰੀਵਰਤਨ ਕਰਾਉਣ ਲਈ ਹਰ ਤਰ੍ਹਾਂ ਦਾ ਜ਼ੁਲਮ ਅਤੇ ਧੱਕਾ ਵਰਤ ਰਹੇ ਹੋ ਜੋ ਜਾਇਜ਼ ਨਹੀਂ ਹੈ:

ਲਿਖਾ ਹੂਆ ਹੈ ਸਾਫ਼, ਤੁਮ੍ਹਾਰੀ ਕਿਤਾਬ ਮੇਂ।
ਫੈਲਾਓ ਦੀਨ ਬ-ਜ਼ਬਰ ਨ, ਤੁਮ ਸ਼ੈਖੋ ਸ਼ਾਬ ਮੇਂ।

2

follow us on /anandpurwaasi

**12 ਪੋਹ**




ਬਾਬਾ ਫ਼ਤਹਿ ਸਿੰਘ ਜੀ ਨਾਲ ਹੀ ਬੋਲੇ ਕਿ ਐ ਜ਼ਾਲਮੋਂ ! ਤੁਹਾਨੂੰ ਚੰਗੀ ਤਰ੍ਹਾਂ ਯਾਦ ਹੋਣਾ ਚਾਹੀਦਾ ਹੈ ਕਿ ਤੁਹਾਡੇ ਸ਼ਾਹ (ਔਰੰਗਜ਼ੇਬ) ਨੇ ਸਾਡੇ ਦਾਦਾ ਜੀ ਮੂਹਰੇ ਵੀ ਇਹੋ ਸ਼ਰਤਾਂ ਰੱਖੀਆਂ ਸਨ ਜੋ ਉਹਨਾਂ ਨੇ ਜੁੱਤੀ ਦੀ ਨੋਕ ਨਾਲ ਠੁਕਰਾ ਦਿੱਤੀਆਂ ਸਨ। ਸ਼ਰ੍ਹਾ ਵਿੱਚ ਆਉਣ ਬਦਲੇ ਜੋ ਤੁਸੀਂ ਸਾਨੂੰ ਲਾਲਚ ਦੇ ਰਹੇ ਹੋ ਅਸੀਂ ਉਹਨਾਂ ਲਾਲਚਾਂ ਦੇ ਸਿਰ ਜੁੱਤੀ ਮਾਰਦੇ ਹਾਂ। ਅਸੀਂ ਕਿਸੇ ਦੇ ਧਰਮ ਵਿੱਚ ਬਿਲਕੁਲ ਦਖਲ ਨਹੀਂ ਦਿੰਦੇ ਪਰ ਆਪਣੇ ਅਕੀਦੇ ਵਿੱਚ ਬਿਲਕੁਲ ਪ੍ਰਪੱਕ ਹਾਂ। ਅਸੀਂ ਉਸ ਵੰਸ਼ ਦੇ ਵਾਰਿਸ ਹਾਂ ਜੋ ਸਿਰ ਤਾਂ ਕਟਵਾ ਦੇਵੇਗੀ ਪਰ ਧਰਮ ਨਹੀਂ ਤਿਆਗੇਗੀ। ਸਾਡਾ ਸੱਚਾ ਧਰਮ ਸਦਾ ਸਾਡੇ ਅੰਗ ਸੰਗ ਰਹੇਗਾ ਅਰ ਆਖਰੀ ਸਵਾਸ ਤੱਕ ਅਸੀਂ ਇਸ ਧਰਮ ਨੂੰ ਨਿਭਾਵਾਂਗੇ। ਜ਼ਾਲਮ ਦੀਆਂ ਜੜ੍ਹਾਂ ਉਖਾੜਨ ਲਈ ਅਸੀਂ ਸਿਰ ਦੀ ਬਾਜ਼ੀ ਲਗਾਉਣ ਤੋਂ ਨਹੀਂ ਡਰਦੇ। ਓਹ ਖੋਟੀ ਮਤ ਵਾਲਿਓ ! ਤੁਸੀਂ ਕਿੱਥੇ ਭੁੱਲੇ ਫਿਰਦੇ ਹੋ ? ਅਸੀਂ ਝੂਠੇ ਪਦਾਰਥਾਂ ਦੇ ਲੋਭ ਵਿੱਚ ਆਉਣ ਵਾਲੇ ਨਹੀਂ ਹਾਂ।



follow us on /anandpurwaasi

12 ਪੋਹ



# ਹਾਅ ਦਾ ਨਾਹਰਾ

**ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ** ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਸਿੰਘਾਂ ਦਾ ਪੱਕਾ ਵੈਰੀ ਸੀ ਸੋ ਵਜ਼ੀਰ ਖਾਨ ਨੇ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ ਤੁਹਾਡੇ ਭਰਾ ਅਤੇ ਭਤੀਜੇ ਨੂੰ ਇਹਨਾਂ ਦੇ ਪਿਓ ਗੁਰੂ ਗੋਬਿੰਦ ਸਿੰਘ ਨੇ ਕਤਲ ਕੀਤਾ ਹੈ, ਤੁਸੀਂ ਇਹਨਾਂ ਬੱਚਿਆਂ ਦਾ ਕਤਲ ਕਰਕੇ ਆਪਣੇ ਭਰਾਵਾਂ ਦਾ ਬਦਲਾ ਲੈ ਲਵੋ ਜਾਂ ਇਸਲਾਮ ਕਬੂਲ ਕਰਵਾ ਲਓ, ਇਹ ਤੁਹਾਡੇ ਹਵਾਲੇ ਹਨ। ਨਵਾਬ ਮਲੇਰਕੋਟਲੀਏ ਨੇ ਜਵਾਬ ਦਿਤਾ ਕਿ ਮੇਰਾ ਭਰਾ ਅਤੇ ਭਤੀਜਾ ਇਹਨਾਂ ਦੇ ਪਿਤਾ ਨੇ ਜੰਗ ਵਿਚ ਮਾਰੇ ਹਨ ਸੋ ਮੈਂ ਬਦਲਾ ਵੀ ਗੁਰੂ ਗੋਬਿੰਦ ਸਿੰਘ ਤੋਂ ਜੰਗ ਦੇ ਮੈਦਾਨ ਵਿਚ ਹੀ ਲਵਾਂਗਾ। **ਇਹ ਤਾਂ ਸ਼ੀਰ ਖੋਰ ਬੱਚੇ ਨੇ ਇਹਨਾਂ ਨੂੰ ਕਤਲ ਕਰਨ ਦੀ ਗਲਤੀ ਤੂੰ ਵੀ ਨਾ ਕਰੀਂ ਨਹੀਂ ਤਾਂ ਤੁਰਕ ਰਾਜ ਦੀਆਂ ਜੜ੍ਹਾਂ** ਪੁਟੀਆਂ ਜਾਣਗੀਆਂ ਨਾਲੇ ਸਾਰੀ ਦੁਨੀਆਂ ਵਿਚ ਮੁਗਲੀਆ ਸਲਤਨਤ ਦੀ ਬਦਨਾਮੀ ਹੋਵੇਗੀ ਕਿ ਮਾਸੂਮਾਂ ਦਾ ਕਤਲ ਕਰ ਦਿਤਾ ਹੈ।



follow us on /anandpurwaasi




# ਸੁੱਚਾ ਨੰਦ ਬਾਹਮਣ ਦੀ ਕਮੀਨਗੀ ਦੀ ਹੱਦ

ਝੂਠੇ ਨੰਦ ਨੇ ਵਜ਼ੀਰ ਖਾਨ ਨੂੰ ਕਿਹਾ ਜਨਾਬ ਵੱਡੇ ਹੋ ਕੇ ਵੀ ਇਹ ਤੁਹਾਡੀ ਈਨ ਨਹੀਂ ਮੰਨਣ ਲੱਗੇ ਬਲਕਿ ਆਪਣੇ ਪਿਤਾ ਵਾਂਗ ਹੀ ਫਤੂਰ ਮਚਾਉਣਗੇ ਅਤੇ ਸਰਕਾਰ ਲਈ ਖਤਰਾ ਹੀ ਬਣਨਗੇ। ਇਹ ਅਨੇਕਾਂ ਜੰਗਾਂ-ਯੁੱਧਾਂ ਦਾ ਕਾਰਨ ਬਣਕੇ ਅਣਗਿਣਤ ਤੁਰਕ ਸੈਨਾ ਦਾ ਘਾਣ ਕਰਨਗੇ। ਹੁਣ ਸਬੱਬੀਂ ਤੁਹਾਡੇ ਹੱਥ ਆ ਗਏ ਹਨ ਸੋ ਇਸ ਖਤਰੇ ਨੂੰ ਹੁਣੇ ਹੀ ਖਤਮ ਕਰ ਦਿਓ। ਇਨ੍ਹਾਂ ਦਾ ਕੋਈ ਹੋਰ ਇਲਾਜ ਨਹੀਂ ਹੈ ਅਤੇ ਨਾਂ ਇਹਨਾਂ ਨੂੰ ਬਚਾ ਕੇ ਰੱਖਣਾ ਕੋਈ ਸਿਆਣਪ ਹੈ। ਦੇਸ਼ ਲਈ ਖਤਰਾ ਬਣੇ ਇਹਨਾਂ ਬੱਚਿਆਂ ਦਾ ਮਾਰੇ ਜਾਣਾ ਹੀ ਤੁਹਾਡੇ ਲਈ ਲਾਭਦਾਇਕ ਰਹੇਗਾ। ਇਹ ਸੱਪ ਦੇ ਬੱਚੇ ਹਨ ਵੱਡੇ ਹੋ ਕੇ ਨਾਗ ਬਣਨਗੇ। ਫਿਰਦੋਸੀ ਦਾ ਇੱਕ ਸ਼ੇਅਰ ਹੈ ਕਿ ਸੱਪ ਨੂੰ ਮਾਰਨਾ ਤੇ ਉਸ ਦੇ ਬੱਚਿਆਂ ਨੂੰ ਪਾਲਣਾ ਇਹ ਸਿਆਣਪ ਨਹੀਂ। ਇਹ ਸੱਚ ਜਾਣੋਂ ਕਿ ਭੇੜੀਏ ਦਾ ਬੱਚਾ ਭੇੜੀਆ ਹੀ ਹੁੰਦਾ ਹੈ।"

ਨੀਕੇ ਬਾਰਕ ਤੁਮ ਮਤ ਜਾਨਹੁ ॥ ਨਾਗਹੁ ਕੇ ਇਹ ਪੁਤ ਬਖਾਨਉ ॥
ਤੁਮਰੇ ਹਾਥ ਆਜ ਯਹ ਆਏ ॥ ਕਰਹੁ ਅਬੈ ਆਪਨੇ ਮਨ ਭਾਏ ॥



follow us on /anandpurwaasi




## ਵਜ਼ੀਰ ਖਾਨ ਦੀ ਭੜਕਾਹਟ

ਸੁੱਚਾ ਨੰਦ ਦੀਆਂ ਉਕਸਾਹਟ ਵਾਲੀਆਂ ਗੱਲਾਂ ਸੁਣ ਕੇ ਵਜ਼ੀਦਾ ਭੜਕ ਉੱਠਿਆ ਅਤੇ ਕਹਿਣ ਲੱਗਾ ਕਿ (ਗੁਰੂ) ਗੋਬਿੰਦ ਸਿੰਘ ਦੇ ਦਿੱਤੇ ਜ਼ਖਮਾਂ ਨਾਲ ਮੇਰਾ ਜਿਗਰ ਸੜ੍ਹ ਕੇ ਕਬਾਬ ਬਣਿਆਂ ਹੋਇਆ ਹੈ ਕਿਉਂਕਿ ਉਸ ਗੁਰੂ ਨੇ ਮੇਰਾ ਸਾਰਾ ਰੋਅਬ ਦਾਬ ਹੀ ਖਤਮ ਕਰ ਦਿੱਤਾ ਹੈ। ਆਪਣਾ ਬੇ-ਹਿਸਾਬਾ ਨੁਕਸਾਨ ਕਰਵਾ ਕੇ ਵੀ ਅਸੀਂ ਗੁਰੂ ਨੂੰ ਉਸਦੇ ਨਿਸ਼ਾਨੇ ਤੋਂ ਡੁਲਾ ਨਹੀਂ ਸਕੇ। ਜਿਸ ਕਾਰਨ ਪਹਾੜੀ ਰਾਜਿਆਂ ਦੇ ਨਾਲ- ਨਾਲ ਔਰੰਗਜ਼ੇਬ ਦੇ ਦਰਬਾਰ ਵਿੱਚ ਮੇਰੀ ਵੀ ਮਿੱਟੀ ਪਲੀਤ ਹੋਈ ਹੈ। ਇਸ ਲਈ ਮੈਂ ਉਸ ਹਿਸਾਬ ਨੂੰ ਬਰਾਬਰ ਕਰਨ ਲਈ ਆਪਣੇ ਦੁਸ਼ਮਣ ਦੇ ਬੱਚਿਆਂ ਨੂੰ ਜ਼ਰੂਰ ਕਤਲ ਕਰਾਂਗਾ ਅਤੇ ਸੁੱਚਾ ਨੰਦ ! ਅੱਜ ਤੇਰੀ ਦਿੱਤੀ ਸਲਾਹ ਤੇ ਜ਼ਰੂਰ ਅਮਲ ਕਰਾਂਗਾ। ਭੜਕੇ ਹੋਏ ਨਵਾਬ ਵਜ਼ੀਦ ਖਾਂ ਨੇ ਕਾਜ਼ੀ ਨੂੰ ਫ਼ਤਵਾ ਦੇਣ ਲਈ ਕਿਹਾ।



follow us on /anandpurwaasi

12 ਪੋਹ



## ਦੀਵਾਰ ਵਿਚ ਚਿਣਨ ਦਾ ਫਤਵਾ

ਵੇਖੋ ਜ਼ਾਲਮਾਂ ਦਾ ਇਨਸਾਫ਼; ਦੁਸ਼ਟ ਕਾਜੀ ਜੋ ਇੱਕ ਦਿਨ ਪਹਿਲਾਂ ਕਹਿ ਰਿਹਾ ਸੀ ਕਿ ਸ਼ੀਰ ਖੋਰ ਬੱਚਿਆਂ ਉੱਪਰ ਸ਼ਰ੍ਹਾ ਦਾ ਫਤਵਾ ਨਹੀਂ ਦਿੱਤਾ ਜਾ ਸਕਦਾ; ਅੱਜ ਜ਼ੁਲਮ ਅਤੇ ਨੀਚਤਾ ਦੀ ਹੱਦ ਤੱਕੋ ਕਿ ਉਸੇ ਕਾਜ਼ੀ ਨੇ ਸ਼ਰ੍ਹਾ ਦੇ ਉਲਟ ਫਤਵਾ ਦੇ ਦਿੱਤਾ ਤੇ ਕਿਹਾ ਕਿ ਸ਼ਰ੍ਹਾ ਕਹਿੰਦੀ ਹੈ ਕਿ ਇਸਲਾਮ ਦੇ ਵਿਰੋਧੀਆਂ ਅਤੇ ਸਰਕਾਰ ਦੇ ਬਾਗੀਆਂ ਨੂੰ ਜਿਊਂਦੇ ਜੀਅ ਦੀਵਾਰ ਵਿੱਚ ਚਿਣ ਕੇ ਮਾਰ ਦਿੱਤਾ ਜਾਵੇ।

ਨਾਜਮ ਪਾਪੀ ਕਹਯੋ ਸੁਨਾਈ ॥ ਦਿਹੁ ਦਿਵਾਰ ਮਹਿ ਇਨੈ ਚਿਨਾਈ ॥
ਜੇ ਮਾਨੇਗੇ ਦੀਨ ਹਮਾਰਾ ॥ ਤੌਂ ਕਰਹੌਂ ਇਨ ਕਾ ਛੁਟਕਾਰਾ ॥



follow us on /anandpurwaasi




ਨੀਹਾਂ ਵਿਚ ਚਿਣਨ ਦਾ ਹੁਕਮ ਸੁਣ ਕੇ ਹਰ ਪਾਸੇ ਸੰਨਾਟਾ ਛਾ ਗਿਆ ਪਰ
ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਬੇਖੌਫ਼ ਮੁਸਕਰਾਉਂਦੇ ਰਹੇ।
ਸਾਰੀ ਕਚਹਿਰੀ ਦੇ ਲੋਕ ਬੜੇ ਹੈਰਾਨ ਸਨ ਕਿ ਨਵਾਬ ਨੇ ਇਨ੍ਹਾਂ ਨੂੰ ਨੀਹਾਂ ਵਿੱਚ
ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾਇਆ ਹੈ ਪਰ ਨੰਨ੍ਹੇ-ਨੰਨ੍ਹੇ ਮਸੂਮਾਂ ਨੂੰ
ਮੌਤ ਦੀ ਸਜ਼ਾ ਸੁਣ ਕੇ ਰਤਾ ਭਰ ਵੀ ਭੈਅ ਨਹੀਂ ਆਇਆ। ਲੋਕ ਕਹਿ ਰਹੇ
ਸਨ ਯਾ- ਖ਼ੁਦਾ! ਇਹ ਕਿਹੋ ਜਿਹੀ ਮਿੱਟੀ ਦੇ ਬਣੇ ਹੋਏ ਹਨ?



follow us on /anandpurwaasi


12 ਪੋਹ
@anandpurwaasi
ਦਾਦੀ ਮਾਂ ਮਾਤਾ ਗੁਜਰੀ ਜੀ ਨਾਲ
ਆਖਰੀ ਰਾਤ ਠੰਡੇ ਬੁਰਜ ਵਿੱਚ
ਬਿਤਾਉਣ ਲਈ ਗੁਰੂ ਗੋਬਿੰਦ
ਸਿੰਘ ਸਾਹਿਬ ਦੇ ਲਖ਼ਤ ਏ ਜਿਗਰ
ਸਾਹਿਬ ਬਾਬਾ ਜ਼ੋਰਾਵਰ ਸਿੰਘ ਜੀ
ਅਤੇ ਸਾਹਿਬ ਬਾਬਾ ਫਤਿਹ ਸਿੰਘ
ਜੀ ਕਚਿਹਰੀ ਵਿਚੋਂ ਸਿਪਾਹੀਆਂ
ਨਾਲ ਵਾਪਸ ਆ ਗਏ।
ਬਾਕੀ ਅਗਲੇ ਅੰਕ ਵਿਚ>>
9
follow us on /anandpurwaasi


12 ਪੋਹ (ਰਾਤ)
@anandpurwaasi
ਸਾਕਾ ਸਰਹੰਦ
ਲੜੀਵਾਰ ਇਤਿਹਾਸ ਸ਼ਹੀਦੀ ਹਫਤਾ
ਠੰਡੇ ਬੁਰਜ ਵਿਚ ਆਖ਼ਰੀ ਰਾਤ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

# 12 ਪੋਹ (ਰਾਤ)




ਅੱਜ ਕਚਿਹਰੀ ਵਿੱਚ ਸਾਰਾ ਦਿਨ ਸਵਾਲ ਜਵਾਬ ਹੋਏ, ਸਾਹਿਬਜ਼ਾਦਿਆਂ ਨੂੰ ਡਰਾਇਆ ਧਮਕਾਇਆ ਗਿਆ ਪਰ ਗੁਰੂ ਕੇ ਲਾਲ ਕਿਸੇ ਵੀ ਤਰ੍ਹਾਂ ਦਾ ਡਰ ਭੈ ਆਪਣੇ ਦਿਲ ਵਿਚ ਨਹੀਂ ਰੱਖਦੇ। ਸ਼ਾਮ ਨੂੰ ਠੰਡੇ ਬੁਰਜ ਵਾਪਸ ਮੁੜੇ ਨੇ ਅਤੇ ਚਾਅ ਨਾਲ ਦੱਸਿਆ ਹੈ ਕਿ ਸਾਨੂੰ ਮੌਤ ਦੀ ਸਜਾ ਸੁਣਾਈ ਗਈ ਹੈ ਮਾਂ! ਤੇਰੇ ਪੋਤਰੇ ਡੋਲੇ ਨਹੀਂ, ਇਮਤਿਹਾਨ ਵਿਚੋਂ ਪਾਸ ਹੋ ਕੇ ਆਏ ਹਾਂ ਦਾਦੀ ਮਾਂ! ਇਹ ਸੁਣ ਕੇ ਮਾਤਾ ਗੁਜਰੀ ਜੀ ਨੇ ਦੋਵਾਂ ਫ਼ਰਜ਼ੰਦਾ ਨੂੰ ਘੁੱਟ ਕੇ ਕਲਾਵੇ ਵਿਚ ਲੈ ਲਿਆ।

1

follow us on /anandpurwaasi


12 ਪੋਹ (ਰਾਤ)
ਦੋਵੇਂ ਸਾਹਿਬਜ਼ਾਦੇ ਕਚਿਹਰੀ ਵਿੱਚ ਹੋਏ ਗੁਰਸਿੱਖੀ ਦੇ ਇਮਤਿਹਾਨ ਬਾਰੇ ਬੜੇ ਹੀ ਚਾਅ ਨਾਲ ਮਾਤਾ ਜੀ ਨੂੰ ਦੱਸ ਰਹੇ ਸਨ। ਮਾਤਾ ਜੀ ਵੈਰਾਗ ਕਰ ਰਹੇ ਸਨ ਕਿ ਦੋਵੇਂ ਪੁੱਤਰ ਸਿੱਖੀ ਇਮਤਿਹਾਨ ਵਿਚੋਂ ਪਾਸ ਹੋਣ ਜਾ ਰਹੇ ਹਨ, ਆਪਣੇ ਪਿਤਾ ਅਤੇ ਦਾਦੇ ਦੇ ਰਾਹਾਂ ਤੇ ਤੁਰ ਰਹੇ ਨੇ।
2
follow us on /anandpurwaasi



12 ਪੋਹ (ਰਾਤ)
@anandpurwaasi
ਮਾਤਾ ਗੁਜਰੀ ਜੀ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੋਦਰੁ ਰਹਿਰਾਸ
ਅਤੇ ਸੋਹਿਲੇ ਦਾ ਪਾਠ ਕੀਤਾ ਅਤੇ ਫੇਰ ਵਾਹਿਗੁਰੂ ਸਿਮਰਨ ਵਿਚ ਜੁੜ ਗਏ।
ਇਹ ਅਖੀਰਲੀ ਰਾਤ ਸੀ ਜਦੋਂ ਗੁਰੂ ਪਰਿਵਾਰ ਸਰੀਰਕ ਰੂਪ ਵਿਚ ਇਕੱਠਾ
ਸੀ, ਹੁਣ ਇਸਤੋਂ ਬਾਅਦ ਸੱਚਖੰਡ ਵਿਚ ਹੀ ਮੇਲ ਹੋਣੇ ਸਨ।
3
follow us on /anandpurwaasi

# 12 ਪੋਹ (ਰਾਤ)



**ਧੰਨ ਮੋਤੀ ਜਿਨ ਪੁੰਨ ਕਮਾਇਆ ਗੁਰੂ ਲਾਲਾਂ ਤਾਈਂ ਦੁੱਧ ਪਿਲਾਇਆ ।**

ਮਾਤਾ ਜੀ ਅਤੇ ਸਾਹਿਬਜ਼ਾਦੇ ਪਰਮੇਸ਼ਰ ਦੀ ਯਾਦ ਵਿਚ ਬੈਠੇ ਸਨ ਕਿ ਪੌੜੀ ਦੇ ਖੜਕਣ ਦੀ ਅਵਾਜ ਆਈ, ਭਾਈ ਮੋਤੀ ਰਾਮ ਮਹਿਰਾ ਗੁਰੂ ਪਰਿਵਾਰ ਲਈ ਗਰਮ ਦੁੱਧ ਲੈ ਕੇ ਆਇਆ ਸੀ । ਅੱਜ ਭਾਈ ਮੋਤੀ ਰਾਮ ਬਹੁਤ ਵੈਰਾਗ ਕਰ ਰਿਹਾ ਸੀ ਕਿ ਸਾਹਿਬਜ਼ਾਦਿਆਂ ਦੀ ਜਾਨ ਬਚਾਉਣ ਲਈ ਉਹ ਕੁਝ ਵੀ ਕਰਨ ਤੋਂ ਅਸਮਰੱਥ ਸੀ । ਮਾਤਾ ਗੁਜਰੀ ਜੀ ਨੇ ਉਸ ਦਾ ਸਿਰ ਪਲੋਸਿਆ ਅਤੇ ਧੀਰਜ ਰੱਖਣ ਨੂੰ ਕਿਹਾ । ਭਾਈ ਮੋਤੀ ਰਾਮ ਦਾ ਵਿਛੜਨ ਦਾ ਦਿਲ ਨਹੀਂ ਸੀ ਕਰਦਾ ਕਿਉਂਕਿ ਗੁਰੂ ਸਾਹਿਬ ਦੇ ਜਿਗਰ ਦੇ ਟੋਟਿਆਂ ਦੀ ਐਡੀ ਵੱਡੀ ਸੇਵਾ ਸਰਹੰਦ ਸ਼ਹਿਰ ਵਿਚ ਹੀ ਉਸਨੂੰ ਪ੍ਰਾਪਤ ਹੋਈ ਸੀ । ਅਖੀਰ ਮਾਤਾ ਜੀ ਨੇ ਅਨੇਕਾਂ ਅਸੀਸਾਂ ਦੇਕੇ ਭਾਈ ਮੋਤੀ ਰਾਮ ਨੂੰ ਵਿਦਾ ਕੀਤਾ । 4

follow us on /anandpurwaasi

## 12 ਪੋਹ (ਰਾਤ)




ਦੁੱਧ ਛਕ ਕੇ ਸਾਹਿਬਜ਼ਾਦੇ ਮਾਤਾ ਜੀ ਦੀ ਗੋਦ ਵਿਚ ਅਰਾਮ ਕਰਨ ਲੱਗ ਪਏ ਕਿਉਂਕਿ ਕੱਲ ਨੂੰ ਬਹੁਤ ਵੱਡੇ ਪਰਚੇ ਪੈਣੇ ਹਨ। ਅਤਿ ਸਰਦੀ ਦੀ ਰਾਤ ਹੈ ਅਤੇ ਇਹ ਰਾਤ ਵੀ ਬਿਨਾ ਕਿਸੇ ਗਰਮ ਕੱਪੜੇ ਤੋਂ ਬੀਤ ਰਹੀ ਹੈ। ਮਾਤਾ ਜੀ ਨੇ ਅਜਿਹੇ ਬਿਖੜੇ ਸਮੇਂ ਵਿੱਚ ਪੋਤਰਿਆਂ ਨੂੰ ਆਪਣੀ ਗੋਦ ਦਾ ਨਿੱਘ ਬਖਸ਼ਿਆ ਪਰ ਮਾਤਾ ਜੀ ਦੀਆਂ ਅੱਖਾਂ ਵਿਚ ਨੀਂਦ ਨਹੀਂ ਪੈਂਦੀ ਸਾਰੀ ਰਾਤ ਜਾਗਦਿਆਂ ਵਾਹਿਗੁਰੂ ਸਿਮਰਨ ਵਿਚ ਬਤੀਤ ਕੀਤੀ।

5

## 12 ਪੋਹ (ਰਾਤ)




ਧੰਨਿ ਧੰਨਿ ਗੁਰਦੇਵ ਸੁਤ ਤਨ ਕੋ ਲੋਭ ਨ ਕੀਨ ॥
ਧਰਮ ਰਾਖ ਕਲ ਮੋ ਗਏ ਦਾਦੇ ਸੋ ਜਸੁ ਲੀਨ ॥

(ਸ੍ਰੀ ਗੁਰ ਸੋਭਾ ਅਧਿਆਇ ਬਾਰ੍ਹਵਾਂ)

ਗੁਰੂ ਤੇਗ ਬਹਾਦਰ ਕੇ ਪੋਤਰੇ ਗੋਬਿੰਦ ਸਿੰਘ ਕੇ ਪੂਤ ॥
ਧਰਮ ਰਾਖਨ ਸੀਸਨ ਦਯੋ ਪ੍ਰਬਲ ਪੰਥ ਭਯੋ ਸੂਤ ॥

(ਕਥਾ ਗੁਰੂ ਜੀ ਕੇ ਸੁਤਨ ਕੀ)

5

follow us on /anandpurwaasi

12 ਪੋਹ (ਰਾਤ)



ਸਾਹਿਬਜ਼ਾਦਿਆਂ ਨੂੰ ਤਸੀਹੇ ਦੇਕੇ
ਸ਼ਹੀਦ ਕਰਨ ਦਾ ਪ੍ਰਸੰਗ ਅਗਲੇ ਅੰਕ
(13 ਪੋਹ) ਵਿਚ



follow us on /anandpurwaasi


13 ਪੋਹ
• ਸਾਕਾ ਸਰਹੰਦ •
• ਲੜੀਵਾਰ ਇਤਿਹਾਸ ਸ਼ਹੀਦੀ ਹਫਤਾ •
ਸ਼ਹੀਦੀ ਸਾਕਾ ਛੋਟੇ ਸਾਹਿਬਜ਼ਾਦੇ
ਅਤੇ ਮਾਤਾ ਗੁਜਰੀ ਜੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

# 13 ਪੋਹ



ਅੱਜ 13 ਪੋਹ ਹੈ ਅੰਮ੍ਰਿਤ ਵੇਲਾ ਹੋਇਆ। ਮਾਤਾ ਗੁਜਰੀ ਨੇ ਦੋਵੇਂ ਲਾਲਾਂ ਨੂੰ ਆਪਣੀ ਬੁੱਕਲ ਵਿਚ ਬਿਠਾ ਕੇ ਵੈਰਾਗਮਈ ਸੁਰ ਵਿਚ ਨਿਤਨੇਮ ਸੁਣਾਇਆ। ਮਾਤਾ ਜੀ ਨੂੰ ਪਤਾ ਹੈ ਅੱਜ ਇਹ ਆਖਰੀ ਵਾਰ ਹੀ ਮੇਰੀ ਗੋਦ ਵਿਚ ਬੈਠੇ ਹਨ ਤਾਂ ਕਰਕੇ ਵੈਰਾਗ ਆ ਰਿਹਾ ਹੈ। ਸੂਰਜ ਬੱਦਲਾਂ ਪਿੱਛੇ ਆਪਣਾ ਮੂੰਹ ਲੁਕਾ ਰਿਹਾ ਸੀ ਸ਼ਾਇਦ ਇਹਨੂੰ ਵੀ ਪਤਾ ਸੀ ਕਿ ਅੱਜ ਮੇਰੇ ਉਦੈ ਹੋਣ ਨਾਲ ਸਰਹੰਦ ਦੀ ਧਰਤੀ ਤੇ ਕਹਿਰ ਵਾਪਰਨ ਵਾਲਾ ਹੈ। ਆਖਰ ਸੂਰਜੀ ਲਾਲੀ ਨੇ ਆਪਣਾ ਮੂੰਹ ਵਿਖਾਇਆ ਤੇ ਮਾਤਾ ਜੀ ਵਾਰ ਵਾਰ ਸਾਹਿਬਾਂ ਨੂੰ ਗਲ਼ ਨਾਲ ਲਾਉਂਦੇ ਹੋਏ ਕਹਿ ਰਹੇ ਨੇ ਪੁੱਤਰ ਜੀ ਧਰਮ ਨਹੀਂ ਛੱਡਣਾ, ਅੱਗੋਂ ਸਾਹਿਬਜ਼ਾਦੇ ਕਹਿੰਦੇ ਨੇ ਮਾਤਾ ਜੀ ਤੁਸੀਂ ਫਿਕਰ ਨਾ ਕਰੋ ਅਸੀਂ ਆਪਣੇ ਪੁਰਖਿਆਂ ਦੀ ਕੁਰਬਾਨੀ ਨੂੰ ਚਾਰ ਚੰਨ ਲਾਵਾਂਗੇ ਪਰ ਧਰਮ ਨੂੰ ਪਿੱਠ ਨਾ ਦਿਖਾਵਾਂਗੇ। 1

follow us on /anandpurwaasi




**ਬੇਟਾ ਆਉ ਜਾਨੇ ਸੇ ਪਹਿਲੇ ਜਰਾ ਗਲੇ ਸੇ ਲਗਾ ਤੋ ਲੂੰ ॥**
**ਕੇਸੋਂ ਕੋ ਕੰਘੀ ਕਰੂੰ ਜਰਾ ਮੂੰਹ ਧੁਲਾ ਤੋ ਲੂੰ ॥ ਨੰਨ੍ਹੇ-ਨੰਨ੍ਹੇ ਸਿਰੋਂ ਪਰ ਕਲਗੀ ਸਜਾ ਤੋ ਲੂੰ ॥**
**ਮਰਨੇ ਸੇ ਪਹਿਲੇ ਤੁਮਕੋ ਦੂਲਹਾ ਬਣਾ ਤੋ ਲੂੰ**

ਵਜ਼ੀਰ ਖਾਨ ਦੀ ਕਚਿਹਰੀ ਲਗਦੇ ਸਾਰ ਹੀ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਆ ਗਏ। ਮਾਤਾ ਜੀ ਨੇ ਆਖਰੀ ਵਾਰ ਦੋਵਾਂ ਲਾਲਾਂ ਨੂੰ ਘੁੱਟ ਕੇ ਸੀਨੇ ਨਾਲ ਲਾਇਆ ਅਤੇ ਮੱਥੇ ਚੁੰਮੇ। ਦੋਵਾਂ ਲਾਲਾਂ ਦੀਆਂ ਦਸਤਾਰਾਂ ਤੇ ਕਲਗੀਆਂ ਸਜਾਈਆਂ ਤੇ ਖਾਲਸਾਈ ਬਾਣੇ ਪਵਾਏ। ਸਾਹਿਬਜ਼ਾਦਿਆਂ ਨੇ ਕਿਹਾ ਦਾਦੀ ਜੀ ਸਾਨੂੰ ਅਸੀਸ ਦਿਓ ਕਿ ਅਸੀਂ ਸੱਚ ਅਤੇ ਧਰਮ ਤੇ ਦ੍ਰਿੜ ਰਹੀਏ ਹੁਣ ਅਸੀਂ ਤੁਹਾਨੂੰ ਸੱਚਖੰਡ ਵਿਚ ਹੀ ਮਿਲਾਂਗੇ ਤੁਸੀਂ ਵੀ ਸਾਡੇ ਮਗਰ ਹੀ ਆ ਜਾਣਾ ਨਹੀਂ ਤੇ ਸਾਡਾ ਜੀਅ ਨਹੀਂ ਲੱਗਣਾ। ਏਨਾਂ ਆਖ ਕੇ ਦਾਦੀ ਤੋਂ ਵਿਦਾ ਲਈ ਅਤੇ ਸਿਪਾਹੀਆਂ ਨਾਲ ਕਚਿਹਰੀ ਵੱਲ ਨੂੰ ਚਾਲੇ ਪਾ ਦਿਤੇ।



follow us on /anandpurwaasi




## ਧਰਮੋਂ ਡੁਲਾਉਣ ਲਈ ਤਸੀਹੇ ਦੇਣੇ

ਕਿਸੇ ਵੀ ਤਰ੍ਹਾਂ ਦਾ ਡਰਾਵਾ ਲਾਲਚ ਗੁਰੂ ਕੇ ਲਾਲਾਂ ਨੂੰ ਆਪਣੇ ਇਰਾਦੇ ਤੋਂ ਥਿੜਕਾ ਨਾ ਸਕਿਆ ਤਾਂ ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦਿੱਤੇ। ਫੁੱਲਾਂ ਤੋਂ ਕੋਮਲ ਸਰੀਰ ਜੋ ਕਰੜੀ ਧੁੱਪ ਵੀ ਨਹੀਂ ਸਹਾਰ ਸਕਦੇ ਸਨ ਉਹਨਾਂ ਉਪਰ ਕੋਰੜਿਆਂ ਅਤੇ ਛਮਕਾਂ ਨਾਲ ਮਾਰ ਮਾਰ ਕੇ ਚਮੜੀ ਚੋਂ ਲਹੂ ਸਿੰਜਣ ਲਾ ਦਿੱਤਾ। ਉਸਤੋਂ ਬਾਅਦ ਪਿੱਪਲ ਨਾਲ ਪਿੱਠਾਂ ਬੰਨ ਕੇ ਸਰੀਰ ਅਤੇ ਸੀਸ ਤੇ ਗੁਲੇਲਾਂ ਮਾਰੀਆਂ ਗਈਆਂ ਜਿਸ ਨਾਲ ਬਾਬਾ ਫਤਿਹ ਸਿੰਘ ਜੀ ਦੀ ਅੱਖ ਫੁੱਟ ਗਈ। ਏਥੇ ਹੀ ਬੱਸ ਨਹੀਂ ਲਾਲ ਭਖਦੇ ਕੋਲੇ ਹੱਥਾਂ ਤੇ ਰੱਖ ਕੇ ਫੁੱਲਾਂ ਵਰਗੇ ਹੱਥ ਸਾੜ ਦਿਤੇ ਗਏ। ਹੁਣ ਫੇਰ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਚੜ੍ਹਦੀਕਲਾ ਵਿਚ ਨਾਂਹ ਕਰ ਦਿਤੀ। ਆਖਰ ਤਿਲਮਲਾਏ ਵਜੀਦੇ ਨੇ ਨੀਹਾਂ ਵਿਚ ਚਿਣਨ ਦਾ ਹੁਕਮ ਦੇ ਦਿਤਾ।



follow us on /anandpurwaasi

**13 ਪੋਹ**



## ਨੀਹਾਂ ਵਿਚ ਚਿਣਨ ਦਾ ਘਿਨੌਣਾ ਕਾਰਨਾਮਾ

ਵਜੀਦੇ ਦੇ ਹੁਕਮ ਦੀ ਤਾਮੀਲ ਕਰਨ ਵਾਲਾ ਕੋਈ ਲੱਭ ਨਹੀਂ ਸੀ ਰਿਹਾ ਤਾਂ ਸਮਾਣੇ ਦੇ ਜੱਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਇਸ ਕੰਮ ਲਈ ਰਾਜ਼ੀ ਹੋਏ ਤਾਂ ਕਿ ਵਜ਼ੀਰ ਖਾਨ ਜੱਲਾਦਾਂ ਉਪਰ ਪੁਰਾਣਾ ਚੱਲਦਾ ਮੁੱਕਦਮਾ ਖਾਰਜ ਕਰ ਦੇਵੇ। ਪਿੱਛੋਂ ਇੱਟਾਂ, ਗਾਰਾ, ਚੂਨਾ ਇਕੱਠਾ ਕੀਤਾ ਗਿਆ। **ਜੱਲਾਦਾਂ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨਾ ਆਰੰਭ ਕਰ ਦਿਤਾ। ਗੁਰੂ ਕੇ ਲਾਲ ਮੂਲ ਮੰਤ੍ਰ ਦਾ ਜਾਪ ਕਰਦੇ ਰਹੇ। ਜਦੋਂ ਦੀਵਾਰ ਗੋਡਿਆਂ ਤੇ ਆਈ ਤਾਂ** ਜੱਲਾਦ ਚੱਪਣੀਆਂ ਵਾਲੀ ਜਗ੍ਹਾ ਤੇ ਲਾਉਣ ਲਈ ਇੱਟ ਭੰਨਣ ਲੱਗੇ ਤਾਂ ਵਜੀਦੇ ਨੇ ਕਿਹਾ ਮੇਰੀ ਇੱਟ ਨਹੀਂ ਭੰਨਣੀ ਇਹਨਾਂ ਦੀ ਚੱਪਣੀਆਂ ਭੰਨ ਦਿਓ, **ਜੱਲਾਦਾਂ ਨੇ ਤੇਸੀ ਮਾਰ ਕੇ ਚੱਪਣੀਆਂ ਕੱਢ ਦਿੱਤੀਆਂ।**



follow us on /anandpurwaasi




ਜੱਲਾਦਾਂ ਨੇ ਆਪਣਾ ਕੰਮ ਜਾਰੀ ਰੱਖਿਆ ਤੇ ਖੂਨੀ ਕੰਧ ਛਾਤੀਆਂ ਤੋਂ ਉੱਪਰ ਚਲੀ ਗਈ। ਚੱਲਦੀ ਚੱਲਦੀ ਕੰਧ ਪਹਿਲਾਂ ਠੋਡੀਆਂ ਤੇ ਫੇਰ ਮੂੰਹਾਂ ਤੱਕ ਆਈ। ਵਜ਼ੀਰ ਖਾਨ ਨੇ ਕਿਹਾ ਹਲੇ ਵੀ ਵੇਲਾ ਹੈ ਇਸਲਾਮ ਕਬੂਲ ਕਰ ਲਓ ਨਹੀਂ ਤਾਂ ਉਪਰ ਉੱਡ ਰਹੀਆਂ ਇੱਲਾਂ ਤੁਹਾਡੀਆਂ ਆਂਦਰਾਂ ਨੂੰ ਵੀ ਕੱਢ ਕੇ ਅਸਮਾਨ ਚ ਲੈ ਜਾਣਗੀਆਂ ਤਾਂ ਸਾਹਿਬਜ਼ਾਦਿਆਂ ਨੇ ਕਿਹਾ ਵਜੀਦਿਆ ਜਿੱਡੀ ਉੱਚੀ ਸਾਡੀਆਂ ਬੋਟੀਆਂ ਇੱਲਾਂ ਲੈ ਕੇ ਜਾਣਗੀਆਂ ਏਡੇ ਉੱਚੇ ਈ ਏਥੇ ਨਿਸ਼ਾਨ ਸਾਹਿਬ ਝੁੱਲਣਗੇ। ਆਖਰ ਨੱਕ ਤੇ ਅੱਖਾਂ ਨੂੰ ਢਕਦੀ ਕੰਧ ਮੱਥਿਆਂ ਤੇ ਆਈ ਤੇ ਕੰਧ ਵਿਚੋਂ ਗੁਰੂ ਲਾਲਾਂ ਦੇ ਮੱਥੇ ਇੰਝ ਦਿਸਣ ਲੱਗੇ ਜਿਵੇਂ ਚੰਨ ਨੂੰ ਗ੍ਰਹਿਣ ਲੱਗਿਆ ਹੁੰਦਾ ਹੈ। ਆਖਰ ਸਾਹਿਬਜ਼ਾਦੇ ਇਸ ਖੂਨੀ ਦੀਵਾਰ ਵਿਚ ਅਲੋਪ ਹੋ ਗਏ।

5

follow us on /anandpurwaasi




## ਸਾਹਿਬਜ਼ਾਦਿਆਂ ਦੀ ਸ਼ਹੀਦੀ

ਅਚਾਨਕ ਹੀ ਦੀਵਾਰ ਫਟੀ ਅਤੇ ਸਾਹਿਬਜ਼ਾਦੇ ਬੇਹੋਸ਼ ਹੋ ਕੇ ਧਰਤੀ ਉਪਰ ਡਿੱਗ ਪਏ। ਸਹਿਬਜ਼ਾਦਿਆਂ ਦੇ ਸਿਦਕ ਅੱਗੇ ਜਾਲਮਾਂ ਦਾ ਜ਼ੁਲਮ ਹਾਰ ਗਿਆ। ਵਜੀਦੇ ਨੇ ਗੁੱਸੇ ਵਿਚ ਹੁਕਮ ਚਾੜ੍ਹ ਦਿਤਾ ਕਿ ਇਹਨਾਂ ਦੇ ਸੀਸ ਧੜ ਨਾਲੋਂ ਵੱਢ ਦਿਓ ਦੇਰ ਕਿਉਂ ਕਰਦੇ ਉਂ? ਹੁਕਮ ਮਿਲਦੇ ਹੀ **ਜੱਲਾਦਾਂ ਨੇ ਸਾਹਿਬਜ਼ਾਦਿਆਂ ਦੀਆਂ ਨਿੱਕੀਆਂ ਨਿੱਕੀਆਂ ਛਾਤੀਆਂ ਉਪਰ ਗੋਡੇ ਰੱਖ ਲਏ ਅਤੇ ਛੁਰੇ ਨਾਲ ਉਹਨਾਂ ਦੀਆਂ ਸਾਹ ਰਗਾਂ ਵੱਢ ਦਿਤੀਆਂ ਤੇ ਅੰਤ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸ਼ਹੀਦੀ ਪਾ ਗਏ।**



follow us on /anandpurwaasi




ਨੌਂ ਸਾਲ ਅਵਸਥਾ ਜੋਰਾਵਰ ਸਿੰਘ ਜੀ ਭਏ । ਸਾਢੇ ਸੱਤ ਸਾਲ ਅਵਸਥਾ ਫਤੇ ਸਿੰਘ ਜੀ ਲਏ ।
ਜੋਰਾਵਰ ਸਿੰਘ ਦੇ ਪ੍ਰਾਨ ਖੰਡੇ ਸਾਥ ਬੇਗ ਛੂਟ ਗਏ । ਅਧੀ ਘੜੀ ਫਤੇ ਸਿੰਘ ਚਰਨ ਮਾਰਤੇ ਰਹੇ ।

ਛੁਰੇ ਦੇ ਵਾਰ ਨਾਲ ਕੱਟੀ ਗਈ ਸ਼ਾਹ ਰਗ਼ ਵਿੱਚੋਂ ਖ਼ੂੰਨ ਦੇ ਫੁਹਾਰੇ ਛੁੱਟ ਪਏ ਸੀ। ਬਾਬਾ ਜ਼ੋਰਾਵਰ ਸਿੰਘ ਜੀ ਤਾਂ ਜਲਦੀ ਹੀ ਸੱਚਖੰਡ ਜਾ ਬਿਰਾਜੇ ਪਰ ਬਾਬਾ ਫ਼ਤਹਿ ਸਿੰਘ ਜੀ ਅੱਧੀ ਘੜੀ ਚਰਨ ਮਾਰਦੇ ਹੋਏ (ਤਕਰੀਬਨ 12 ਮਿੰਟ) ਤੜਫਦੇ ਰਹੇ।

ਭਾਈ ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ)



follow us on /anandpurwaasi

13 ਪੋਹ




## ਮਾਤਾ ਗੁਜਰੀ ਜੀ ਦੀ ਸ਼ਹੀਦੀ

ਜਦੋਂ ਮਾਤਾ ਗੁਜਰੀ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਦੱਸੀ ਗਈ ਤਾਂ ਮਾਤਾ ਗੁਜਰੀ ਜੀ ਨੇ ਜਪੁਜੀ ਸਾਹਿਬ ਦਾ ਪਾਠ ਕਰਕੇ ਆਪਣੇ ਉਪਰ ਚਾਦਰ ਲੈਕੇ ਆਪਣੀ ਅੰਤਰ ਸ਼ਕਤੀ ਨਾਲ ਪ੍ਰਾਣ ਤਿਆਗ ਦਿੱਤੇ ਤੇ ਆਪਣੇ ਪਿਆਰੇ ਸ੍ਰੀ ਗੁਰੂ ਤੇਗ ਬਹਾਦਰ ਜੀ, ਵੱਡੇ ਸਾਹਿਬਜ਼ਾਦੇ ਅਤੇ ਆਪਣੇ ਜਿਗਰ ਦੇ ਟੋਟੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਕੋਲ ਸੱਚਖੰਡ ਪਹੁੰਚ ਗਏ। ਮਾਤਾ ਜੀ ਦਾ ਸ਼ਾਂਤ ਸਰੀਰ ਠੰਡੇ ਬੁਰਜ ਵਿੱਚ ਪਿਆ ਸੀ ਤੇ ਸਾਹਿਬਜ਼ਾਦਿਆਂ ਦੇ ਸੋਹਲ ਸਰੀਰ ਇੱਟਾਂ ਦੇ ਢੇਰ ਥੱਲੇ ਦੱਬੇ ਪਏ ਸਨ।



follow us on /anandpurwaasi

**13 ਪੋਹ**

‘ਜੋਗੀ ਜੀ’ ਇਸ ਕੇ ਬਅ਼ਦ ਹੂਈ ਥੋੜੀ ਦੇਰ ਥੀ ।
ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ ।



ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ। ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ। ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।
ਗੱਦੀ ਸੇ ਤਖ਼ਤ ਬਸ ਅਬ ਕੌਮ ਪਾਏਗੀ। ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।

ਇਹ ਅਤਿਆਚਾਰੀ ਕਾਰਨਾਮਾ 13 ਪੋਹ ਸੰਮਤ 1761 ਬਿਕਰਮੀ (27 ਦਸੰਬਰ 1704 ਈ.) ਨੂੰ ਕਰੀਬਨ ਸਵਾ ਪਹਿਰ ਦਿਨ ਚੜ੍ਹੇ (ਭਾਵ ਤਕਰੀਬਨ ਸਵੇਰੇ ਸਾਢੇ 9 ਵਜੇ ਤੋਂ 11 ਵਜੇ ਦੇ ਦਰਮਿਆਨ) ਵਾਪਰਿਆ ।

>>>ਬਾਕੀ ਅਗਲੇ ਅੰਕ ਵਿਚ>>>



follow us on /anandpurwaasi


15 ਪੋਹ
•ਸਾਕਾ ਸਰਹੰਦ ਲੜੀਵਾਰ ਇਤਿਹਾਸ•
@anandpurwaasi
ਦੀਵਾਨ ਟੋਡਰ ਮੱਲ ਜੀ ਦੁਆਰਾ ਸਾਹਿਬਜ਼ਾਦਿਆਂ
ਅਤੇ ਮਾਤਾ ਜੀ ਦੇ ਸਰੀਰਾਂ ਦਾ ਸੰਸਕਾਰ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi

15 ਪੋਹ



ਜਦੋਂ ਨੌਂਵੇਂ ਗੁਰਦੇਵ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਪੂਰਬ ਦੇਸ਼ ਵਿਚ ਪ੍ਰਚਾਰ ਕਰ ਰਹੇ ਸਨ ਤਾਂ ਗੁਰੂ ਜੀ ਭਵਾਨੀਗੜ੍ਹ(ਤਹਿਸੀਲ) ਦੇ ਪਿੰਡ ਆਲੋਅਰਖ ਦੀ ਜੰਗਲੀ ਝਿੜੀ (ਭਾਈ ਟੋਡਰਮੱਲ ਦੀ ਜਮੀਨ) ਵਿਚ ਰੁਕੇ ਸਨ। ਭਾਈ ਟੋਡਰਮੱਲ ਜੀ ਜੋ ਕਿ ਕਾਕੜੇ ਪਿੰਡ ਦੇ ਵਸਨੀਕ ਸਨ ਆਪਣੇ ਨਗਰ ਦੀਆਂ ਸੰਗਤਾਂ ਨਾਲ ਆ ਪੁੱਜੇ ਅਤੇ ਲੰਗਰ ਤਿਆਰ ਕੀਤਾ। ਬਹੁਤ ਸ਼ਰਧਾ ਨਾਲ ਗੁਰੂ ਜੀ ਦੀ ਟਹਿਲ ਸੇਵਾ ਕੀਤੀ। ਜਦੋਂ ਅਗਲੇ ਦਿਨ ਗੁਰੂ ਜੀ ਭਵਾਨੀਗੜ੍ਹ ਵਾਲੇ ਪਾਸੇ ਜਾਣ ਲੱਗੇ ਤਾਂ ਭਾਈ ਜੀ ਨੇ ਕਿਹਾ ਕਿ ਮਹਾਰਾਜ ਕੋਈ ਸੇਵਾ ਬਖਸ਼ੋ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਚਨ ਕੀਤਾ "ਭਾਈ ਟੋਡਰ ਮੱਲ! ਸਮਾਂ ਆਵੇਗਾ ਤੇਰੇ ਪਾਸੋਂ ਅਸੀਂ ਬਹੁਤ ਵੱਡੀ ਸੇਵਾ ਲਵਾਂਗੇ। ਬਸ ਧਿਆਨ ਰੱਖੀਂ, ਉਸ ਸਮੇਂ ਨੂੰ ਸਾਂਭ ਲਵੀਂ। ਪਰਮੇਸ਼ਰ ਨੇ ਜੋ ਤੈਨੂੰ ਧਨ-ਦੌਲਤ ਬਖਸ਼ੀ ਹੈ ਇਸ ਨਾਲ ਲੋੜਵੰਦਾਂ ਦੀ ਸੇਵਾ ਕਰ ਅਤੇ ਗੁਰੂ-ਗੁਰੂ ਜਪ ਕੇ ਆਪਣਾ ਜਨਮ ਸਫ਼ਲਾ ਕਰ ।"

1

follow us on /anandpurwaasi

# 15 ਪੋਹ



ਫੇਰ ਸਮਾਂ ਆਇਆ ਤਾਂ ਭਾਈ ਟੋਡਰ ਮੱਲ ਜੀ ਕਾਰੋਬਾਰ ਦੇ ਸਿਲਸਿਲੇ ਵਿਚ ਸਰਹੰਦ ਆ ਵੱਸੇ। ਗੁਰੂ ਕਿਰਪਾ ਨਾਲ ਕਾਰੋਬਾਰ ਅਸਮਾਨੀ ਸਿਖਰਾਂ ਛੋਹਣ ਲੱਗਾ। ਆਪ ਜੀ ਨੇ ਆਪਣੇ ਪਰਿਵਾਰ ਲਈ ਜਹਾਜ ਦੀ ਸ਼ਕਲ ਦੀ ਹਵੇਲੀ ਤਿਆਰ ਕਰਵਾਈ ਹੋਈ ਸੀ ਜਿਸ ਨੂੰ ਜਹਾਜ਼ ਹਵੇਲੀ ਕਹਿੰਦੇ ਹਨ ਜਿਸ ਵਰਗੀ ਸਰਹੰਦ ਦੇ ਆਸ ਪਾਸ ਵੀ ਕੋਈ ਨਹੀਂ ਸੀ। ਇਹਨਾਂ ਦੀ ਲਿਆਕਤ ਅਤੇ ਸ਼ਖ਼ਸੀਅਤ ਨੂੰ ਵੇਖਦਿਆਂ ਵਜ਼ੀਰ ਖਾਨ ਨੇ ਇਹਨਾਂ ਨੂੰ ਦੀਵਾਨ ਦੀ ਪਦਵੀ ਦਿੱਤੀ ਹੋਈ ਸੀ। ਆਪ ਜੀ ਹਮੇਸ਼ਾ ਪਰਉਪਕਾਰ ਦੇ ਕਾਰਜ ਕਰਦੇ ਰਹਿੰਦੇ ਸਨ। ਕੁਝ ਸਮੇਂ ਬਾਅਦ ਗੁਰੂ ਨੌਂਵੇਂ ਪਾਤਸ਼ਾਹ ਜੀ ਸ਼ਹੀਦ ਹੋ ਗਏ ਅਤੇ ਭਾਈ ਟੋਡਰਮੱਲ ਜੀ ਗੁਰੂ ਬਚਨ ਚੇਤੇ ਕਰਦੇ ਕਰਦੇ ਵੈਰਾਗ ਵਿਚ ਆ ਜਾਂਦੇ ਕਿ ਪਤਾ ਨਹੀਂ ਕਦੋਂ ਸੇਵਾ ਦਾ ਸਮਾਂ ਆਵੇਗਾ ਜੋ ਮਹਾਰਾਜ ਨੇ ਸਾਥੋਂ ਲੈਣੀ ਹੈ। 2

follow us on /anandpurwaasi

## 15 ਪੋਹ



ਜਦੋਂ ਸਾਹਿਬਜ਼ਾਦਿਆਂ ਦੀ ਹੋਈ ਉਸ ਵੇਲੇ ਭਾਈ ਟੋਡਰਮੱਲ ਜੀ ਸਰਹਿੰਦ ਸ਼ਹਿਰ ਤੋਂ ਬਾਹਰ ਗਏ ਹੋਏ ਸਨ। ਗ੍ਰਿਫਤਾਰੀ ਦੀ ਖ਼ਬਰ ਸੁਣਦਿਆਂ ਹੀ ਆਪ ਜੀ ਵਾਪਸ ਆ ਗਏ ਅਤੇ ਸੋਚਣ ਲੱਗੇ ਕਿ ਵਜ਼ੀਰ ਖਾਨ ਲਾਲਚੀ ਆਦਮੀ ਹੈ ਸੋ ਮੂੰਹ ਮੰਗਿਆ ਧਨ ਦੇ ਕੇ ਗੁਰੂ ਪਰਿਵਾਰ ਨੂੰ ਛੁਡਾ ਲਿਆ ਜਾਵੇ **ਪਰ ਜਦੋਂ ਨੂੰ ਇਹ ਕਚਿਹਰੀ ਵਿੱਚ ਪਹੁੰਚੇ ਓਦੋਂ ਤੱਕ ਭਾਣਾ ਵਰਤ ਚੁੱਕਾ ਸੀ।** ਆਪ ਜੀ ਜਾਰੋ ਜਾਰ ਵੈਰਾਗ ਕਰਨ ਲੱਗੇ। ਉੱਤੋਂ ਵਜ਼ੀਰ ਖਾਨ ਨੇ ਹੁਕਮ ਚਾੜ੍ਹ ਦਿਤਾ ਸੀ ਕਿ ਇਹਨਾਂ ਬਾਗੀਆਂ ਦਾ ਸੰਸਕਾਰ ਸਰਹੰਦ ਵਿਚ ਨਹੀਂ ਹੋ ਸਕਦਾ। ਭਾਈ ਜੀ ਨੇ ਆਪਣੇ ਅਹੁਦੇ ਦੀ ਪਹੁੰਚ ਕਰਕੇ ਵਜੀਦੇ ਨੂੰ ਪੁੱਛਿਆ ਕਿ ਸੰਸਕਾਰ ਲਈ ਤੇਰੀ ਕੀ ਸ਼ਰਤ ਹੈ? **ਲੋਭੀ ਵਜੀਦੇ ਨੇ ਕਿਹਾ ਸਰਹੰਦ ਦੀ ਜੂਹ ਤੋਂ ਬਾਹਰ ਸੋਨੇ ਦੀਆਂ ਮੋਹਰਾਂ ਵਿਛਾ ਕੇ ਜਗ੍ਹਾ ਖਰੀਦ ਕੇ ਕੋਈ ਇਹਨਾਂ ਦਾ ਸੰਸਕਾਰ ਕਰ ਸਕਦਾ ਹੈ।**



follow us on /anandpurwaasi




ਭਾਈ ਟੋਡਰਮੱਲ ਜੀ ਨੇ ਸ਼ਰਤ ਮਨਜ਼ੂਰ ਕਰ ਲਈ ਤੇ ਗੁਰੂ ਸਾਹਿਬ ਦੇ ਬਚਨ ਚੇਤੇ ਆ ਗਏ "ਤੇਰੇ ਪਾਸੋਂ ਬਹੁਤ ਵੱਡੀ ਸੇਵਾ ਲੈਣੀ ਹੈ, ਬੱਸ ਉਸ ਸਮੇਂ ਨੂੰ ਸਾਂਭ ਲਈਂ"। ਉਹਨਾਂ ਨੂੰ ਮਹਿਸੂਸ ਹੋਇਆ ਕਿ ਹੁਣ ਉਹ ਸਮਾਂ ਆ ਗਿਆ ਹੈ। ਸੋ ਉਹ ਅਨੋਖਾ ਸੌਦਾ ਕਰਕੇ ਆਪਣੀ ਸਾਰੀ ਜਾਇਦਾਦ ਨੂੰ ਮੋਹਰਾਂ ਦੇ ਰੂਪ ਵਿਚ ਵਟਾਕੇ ਲੈ ਆਏ। ਮੁੜ ਕੇ ਵਜੀਦਾ ਮੁੱਕਰ ਗਿਆ ਕਹਿੰਦਾ ਮੋਹਰਾਂ ਵਿਛਾ ਕੇ ਨਹੀਂ ਗੱਡ ਕੇ ਜਗ੍ਹਾ ਖਰੀਦਣੀ ਪੈਣੀ ਹੈ, ਜੋ ਕਿ ਭਾਈ ਸਾਹਿਬ ਨੇ ਮਨਜ਼ੂਰ ਕਰ ਲਿਆ ਅਤੇ ਸੋਨੇ ਦੀਆਂ 78000 ਤੋਂ ਵੀ ਵੱਧ ਮੋਹਰਾਂ ਗੱਡ ਕੇ ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ ਖਰੀਦ ਲਈ। ਸੋਨ ਮੋਹਰਾਂ ਦਾ ਵਜ਼ਨ 7.80 ਕਵਿੰਟਲ ਬਣਦਾ ਹੈ, ਕੀਮਤ ਦਾ ਹਿਸਾਬ ਖੁਦ ਲਗਾ ਲਵੋ।

4

follow us on /anandpurwaasi




ਜਗ੍ਹਾ ਖਰੀਦ ਕੇ ਆਪ ਜੀ ਹੰਸਲਾ ਨਦੀ ਜੋ ਕਿ ਠੰਡੇ ਬੁਰਜ ਦੇ ਨਜ਼ਦੀਕ ਵਗਦੀ ਸੀ ਉਥੇ ਗਏ। **ਸ਼ਹੀਦੀ ਪਿੱਛੋਂ ਗੁਰੂ ਪਰਿਵਾਰ ਦੇ ਸਰੀਰ ਏਥੇ ਸੰਘਣੇ ਜੰਗਲਾਂ ਵਿਚ ਸੁੱਟ ਦਿਤੇ ਗਏ ਸਨ ਤਾਂ ਜੋ ਕੋਈ ਜੰਗਲੀ ਜਾਨਵਰ ਖਾ ਜਾਵੇ ਪਰ ਓਥੇ ਇਕ ਬੱਬਰ ਸ਼ੇਰ ਆਇਆ ਅਤੇ ਸ਼ਹੀਦ ਸਰੀਰਾਂ ਦੀ ਰਾਖੀ ਲਈ ਬੈਠ ਗਿਆ ਅਤੇ 48 ਘੰਟੇ ਤੱਕ ਜੰਗਲੀ ਜਾਨਵਰਾਂ ਤੋਂ ਰਾਖੀ ਕਰਦਾ ਰਿਹਾ**। ਜਦੋਂ ਭਾਈ ਟੋਡਰਮੱਲ ਜੀ, ਬਾਬਾ ਮੋਤੀ ਰਾਮ ਜੀ, ਭਾਈ ਜੋਧ ਜੀ ਵਰਗੇ ਕੁਝ ਹੋਰ ਗੁਰਸਿਖਾਂ ਨਾਲ ਸਰੀਰਾਂ ਨੂੰ ਲੈਣ ਆਏ ਓਦੋਂ ਸ਼ੇਰ ਉੱਠਕੇ ਚਲਾ ਗਿਆ। ਇਸ ਜਗ੍ਹਾ ਗੁਰਦੁਆਰਾ ਬਿਬਾਨ ਗੜ੍ਹ ਸਾਹਿਬ ਮੌਜੂਦ ਹੈ।

5

follow us on /anandpurwaasi

# 15 ਪੋਹ




ਭਾਈ ਟੋਡਰਮੱਲ ਜੀ ਨੇ ਬਾਬਾ ਮੋਤੀ ਰਾਮ ਜੀ, ਭਾਈ ਜੋਧ ਜੀ ਅਤੇ ਕੁਝ ਹੋਰ ਗੁਰਸਿਖਾਂ ਦੀ ਮਦਦ ਨਾਲ ਗੁਰੂ ਲਾਲਾਂ ਅਤੇ ਮਾਤਾ ਜੀ ਦੇ ਸਰੀਰ ਖਰੀਦੀ ਹੋਈ ਜਗ੍ਹਾ ਤੇ ਲਿਆਂਦੇ ਜਿਥੇ ਹੁਣ ਗੁਰਦੁਆਰਾ ਜੋਤੀ ਸਰੂਪ ਸਾਹਿਬ ਮੌਜੂਦ ਹੈ। ਬੜੇ ਹੀ ਅਦਬ ਨਾਲ ਤਿੰਨਾਂ ਸ਼ਹੀਦਾਂ ਦੇ ਸਰੀਰਾਂ ਨੂੰ ਚੰਦਨ ਦੀ ਚਿਖਾ ਉਪਰ ਟਿਕਾਇਆ ਅਤੇ ਇਕ ਗੁਰਸਿਖ ਨੇ ਅੰਤਿਮ ਸੰਸਕਾਰ ਤੋਂ ਪਹਿਲਾਂ ਅਰਦਾਸ ਕੀਤੀ।



follow us on /anandpurwaasi

**15 ਪੋਹ**

# ਅੰਤਿਮ ਸੰਸਕਾਰ ਅਤੇ ਹਸਤਾਂ ਦੀ ਸੰਭਾਲ



ਭਾਈ ਮੋਤੀ ਰਾਮ ਮਹਿਰਾ ਜੀ ਨੇ ਅੰਗੀਠੇ ਨੂੰ ਅਗਨੀ ਭੇਂਟ ਕੀਤਾ ਅਤੇ ਪੂਰੇ ਅਦਬ ਸਤਿਕਾਰ ਨਾਲ ਗੁਰੂ ਸਾਹਿਬ ਦੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤੋਂ ਬਾਅਦ ਅੰਗੀਠੇ ਦੀ ਬੇਅਦਬੀ ਨਾ ਹੋਵੇ ਇਸ ਲਈ ਅੰਗੀਠਾ ਠੰਡਾ ਹੋਣ ਤੱਕ ਭਾਈ ਮੋਤੀ ਰਾਮ ਮਹਿਰਾ ਜੀ ਓਥੇ ਹੀ ਬੈਠੇ ਰਹੇ। ਗੁਰੂ ਸਾਹਿਬ ਦੇ ਬਚਨ ਭਾਈ ਜੀ ਨੂੰ ਚੇਤੇ ਸਨ ਕਿ "ਸਾਡੀ ਵਸਤ ਆਵੇਗੀ ਉਸਦੀ ਸਾਰ ਸੰਭਾਲ ਕਰ ਲੈਣੀ"। ਅਗਲੀ ਸਵੇਰ ਸਾਹਿਬਜ਼ਾਦਿਆਂ ਦੇ ਪਾਵਨ ਅਸਤ ਭਾਈ ਟੋਡਰਮੱਲ ਜੀ ਨੇ ਇਕ ਗਾਗਰ ਵਿਚ ਪਾ ਕੇ ਭਾਈ ਜੋਧ ਜੀ ਦੁਆਰਾ ਆਪਣੇ ਨਗਰ ਓਸੇ ਅਸਥਾਨ ਪਹੁੰਚਾ ਕੇ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ, ਡੂੰਘੀ ਜਮੀਨ ਪੁੱਟ ਕੇ ਦੱਬ ਦਿਤੇ। ਇਹ ਅਸਥਾਨ ਪਿੰਡ ਆਲੋਅਰਖ ਵਿਖੇ ਹੈ ਅਤੇ ਹੁਣ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਮੌਜੂਦ ਹੈ।



follow us on /anandpurwaasi

15 ਪੋਹ

ਤੀਨਹੁੰ ਤਨ ਟੋਡਰ ਸਸਕਾਰੇ।
ਚੁਨੇ ਪੁਸ਼ਪ ਬਾਸਨ ਮਹਿ ਡਾਰੇ।

ਇਸ ਘਟਨਾ ਦਾ ਹਵਾਲਾ ਭਾਈ ਸਰੂਪ ਸਿੰਘ ਕੌਸ਼ਿਸ਼ ਲਿਖਿਤ "ਗੁਰੂ ਕੀਆਂ ਸਾਖੀਆਂ" ਵਿੱਚ ਇਸ ਪ੍ਰਕਾਰ ਮਿਲਦਾ ਹੈ:-

"ਇਸ ਘਟਨਾ ਉਪਰੰਤ ਦੀਵਾਨ ਟੋਡਰ ਮਲ ਕਪੂਰ ਤੇ ਇਸ ਕੇ ਛੋਟੇ ਭਾਈ ਨੇ ਗੈਲ ਹੋਇ ਬਸਤੀ ਸੇ ਬਾਹਰ ਇਨ ਤੀਨੋ ਕੀਆ ਲਾਸ਼ਾਂ ਲੈ ਜਾਇ ਕੇ ਸਸਕਾਰ ਕਰ ਦੀਆ ਥਾ। ਸਸਕਾਰ ਕੇ ਪਾਛੇ ਤੀਜੇ ਦਿਹੁੰ ਏਕ ਜੋਧ ਸਿੰਘ ਨਾਮੀ ਸਿੱਖ ਤੀਨੋ ਕੀ ਭਸਮ ਉਠਾਇ ਆਪਨੇ ਗਾਮ ਮੇਂ ਲੈ ਆਇਆ। ਬਾਹਰ ਝਿੜੀ ਮੇਂ ਲੈ ਜਾਇ ਏਕ ਗਾਗਰ ਮੇਂ ਪਾਇ ਜ਼ਿਮੀਂ ਮੇਂ ਦਬਇ ਦਈ"



follow us on /anandpurwaasi



ਜਿਥੇ ਭਾਈ ਟੋਡਰਮੱਲ ਜੀ ਦੀ ਕੁਰਬਾਨੀ ਦੀ ਸਿਖਰ ਹੈ ਓਥੇ ਸਾਡੇ ਵੱਲੋਂ ਇਹਨਾਂ ਮਹਾਨ ਗੁਰੂ ਪਿਆਰਿਆਂ ਪ੍ਰਤੀ ਬੇਗਾਨਗੀ ਵਿਖਾਉਣ ਦੀ ਵੀ ਸ਼ਿਖਰ ਹੈ। ਉਹਨਾਂ ਦੀ ਯਾਦਗਾਰ ਬਣਾਉਣੀ ਤਾਂ ਦੂਰ ਦੀ ਗੱਲ ਜਿਹੜੀ ਉਹਨਾਂ ਦੀ ਜਹਾਜ ਹਵੇਲੀ ਉਹਨਾਂ ਦੀ ਆਖਰੀ ਨਿਸ਼ਾਨੀ ਹੈ ਉਸ ਯਾਦਗਾਰ ਨੂੰ ਵੀ ਨਹੀਂ ਸਾਂਭ ਰਹੇ। ਉਪਰਲੀ ਤਸਵੀਰ ਵਿਚ ਮੌਜੂਦਾ ਹਾਲਾਤ ਵਿਚ ਭਾਈ ਟੋਡਰਮੱਲ ਜੀ ਦੀ ਜਹਾਜ ਹਵੇਲੀ ਹੈ।

>>>>ਬਾਕੀ ਅਗਲੇ ਅੰਕ ਵਿਚ>>>>



follow us on /anandpurwaasi



* ਸਾਕਾ ਸਰਹੰਦ ਲੜੀਂਵਾਰ ਇਤਿਹਾਸ *
ਬਾਬਾ ਮੋਤੀ ਰਾਮ ਮਹਿਰਾ ਅਤੇ ਪਰਿਵਾਰ ਦੀ ਸ਼ਹੀਦੀ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi



ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੇ ਸੱਤ ਅਤੇ ਨੌਂ ਸਾਲ ਦੀ ਉਮਰ ਵਿਚ ਵੱਡਾ ਸਾਕਾ ਕਰ ਵਿਖਾਇਆ। ਬਾਬਾ ਜੀ ਨੇ ਇਹ ਸਾਰਾ ਸਾਕਾ ਅੱਖੀਂ ਵੇਖਿਆ ਜਿਸ ਦੀ ਖਬਰ ਜਾ ਕੇ ਮਾਤਾ ਗੁਜਰੀ ਜੀ ਨੂੰ ਆਪ ਦਿਤੀ ਸੀ ਅਤੇ ਮਾਤਾ ਜੀ ਬਾਬਾ ਮੋਤੀ ਜੀ ਨੂੰ ਬੇਅੰਤ ਅਸੀਸਾਂ ਬਖਸ਼ ਕੇ ਦਸਮ ਦੁਆਰ ਰਾਹੀਂ ਸੁਆਸ ਉਪਰ ਚੜ੍ਹਾ ਕੇ ਪ੍ਰਾਣ ਤਿਆਗ ਗਏ ਸਨ। ਜਿਸ ਤੋਂ ਮਗਰੋਂ ਉਹਨਾਂ ਦੀਆਂ ਸ਼ਹੀਦੀ ਦੇਹਾਂ ਦੀ ਸਾਂਭ ਸੰਭਾਲ ਭਾਈ ਟੋਡਰਮੱਲ ਜੀ ਨੇ ਬਾਬਾ ਮੋਤੀ ਰਾਮ ਮਹਿਰਾ ਅਤੇ ਹੋਰ ਗੁਰਸਿਖਾਂ ਨਾਲ ਰਲ਼ ਕੇ ਕੀਤੀ। **ਇਸ ਸੇਵਾ ਦੇ ਕਾਰਨ ਬਾਬਾ ਮੋਤੀ ਰਾਮ ਜੀ ਸਰਕਾਰੀ ਤੰਤਰ ਦੀ ਨਿਗਾਹ ਵਿਚ ਆ ਗਏ।** ਪਰ ਇਸ ਤੋਂ ਪਹਿਲਾਂ ਇਕ ਘਟਨਾ ਹੋਰ ਵਾਪਰੀ ਜੋ ਕਿ ਭਾਈ ਮੋਤੀ ਰਾਮ ਜੀ ਦੀ ਸ਼ਹੀਦੀ ਦਾ ਕਾਰਨ ਬਣੀ। 1

follow us on /anandpurwaasi




ਘਟਨਾ ਇਸ ਪ੍ਰਕਾਰ ਹੋਈ ਕਿ ਗੰਗੂ ਨੇ ਪਹਿਲਾਂ ਮਾਤਾ ਜੀ ਦਾ ਧਨ ਚੋਰੀ ਕੀਤਾ ਅਤੇ ਪਿਛੋਂ ਗ੍ਰਿਫਤਾਰੀ ਕਰਵਾਉਣ ਬਦਲੇ ਹੋਰ ਸਰਕਾਰੀ ਇਨਾਮ ਲੈਣ ਲਈ ਹੱਥ ਪੈਰ ਮਾਰ ਰਿਹਾ ਸੀ। ਵਜ਼ੀਰ ਖਾਨ ਨੂੰ ਪਤਾ ਲੱਗਿਆ ਕਿ ਮਾਤਾ ਗੁਜਰੀ ਜੀ ਦਾ ਧਨ ਵੀ ਇਸੇ ਪਾਸ ਹੈ ਤਾਂ ਸਿਪਾਹੀਆਂ ਨੂੰ ਉਹ ਧਨ ਲੈਣ ਲਈ ਇਹਦੇ ਘਰ ਭੇਜਿਆ ਕਿਉਂਕਿ ਇਸ ਨੇ ਹੀ ਪਹਿਲਾਂ ਰੌਲਾ ਪਾਇਆ ਸੀ ਕਿ "ਚੋਰ ਖਜਾਨਾ ਲੁੱਟ ਕੇ ਲੈ ਗਏ" ਅਤੇ ਮੁਰਿੰਡੇ ਜਾ ਕੇ ਸ਼ਿਕਾਇਤ ਕਰ ਆਇਆ ਸੀ। ਇਹਦੀ ਜਦੋਂ ਤਫਤੀਸ਼ ਕੀਤੀ ਗਈ ਤਾਂ ਘਰੋਂ ਉਹ ਧਨ ਨਾ ਮਿਲਿਆ ਜੋ ਕਿ ਇਸਨੇ ਇਕ ਚੋਏ ਦੇ ਕੰਢੇ ਦੱਬਿਆ ਸੀ। ਗੰਗੂ ਦੀ ਗ੍ਰਿਫਤਾਰੀ ਹੋਈ ਤੇ ਬਚਣ ਲਈ ਸਿਪਾਹੀਆਂ ਨੂੰ ਚੋਏ ਤੇ ਲੈ ਗਿਆ ਓਥੋਂ ਜਦੋਂ ਪੁੱਟਿਆ ਗਿਆ ਤਾਂ ਧਨ ਨਾ ਮਿਲਿਆ ਕਿਉਂਕਿ ਉਹ ਪਾਣੀ ਦੇ ਵਹਾਅ ਨਾਲ ਰੁੜ ਗਿਆ ਸੀ। ਧਨ ਨਾ ਮਿਲਣ ਕਰਕੇ ਸ਼ੱਕ ਇਸੇ ਤੇ ਵਧਿਆ ਕਿ ਇਹ ਜਾਣ ਕੇ ਮੂਰਖ ਬਣਾ ਰਿਹਾ ਹੈ ਤਾਂ ਸਿਪਾਹੀ ਇਹਨੂੰ ਛਿੱਤਰ ਮਾਰਦੇ ਹੋਏ ਕੋਤਵਾਲੀ ਲੈ ਗਏ। ਅਕਾਲ ਪੁਰਖ ਦੀ ਖੇਡ ਵੇਖੋ ਇਸਨੇ ਜਿਸ ਧਨ ਲਈ ਏਡਾ ਵੱਡਾ ਪਾਪ ਕਮਾਇਆ ਉਹ ਇਸਦੇ ਕੰਮ ਵੀ ਨਾ ਆ ਸਕਿਆ।

2

follow us on /anandpurwaasi




ਗੰਗੂ ਨੂੰ ਦੀ ਸਕੀਰੀ ਬਰਾਦਰੀ ਵਿਚੋਂ ਇਸ ਦਾ ਇਕ ਭਰਾ ਸੀ "ਪੰਮਾ" ਜੋ ਲੱਤੋਂ ਲੰਗੜਾ ਸੀ। ਇਹ ਭਾਈ ਮੋਤੀ ਰਾਮ ਜੀ ਨਾਲ ਸਰਕਾਰੀ ਰਸੋਈ ਵਿਚ ਹੀ ਕੰਮ ਕਰਦਾ ਸੀ ਅਤੇ ਇਸ ਨੂੰ ਕਿਤੋਂ ਸੂਹ ਲੱਗ ਗਈ ਕਿ ਬਾਬਾ ਮੋਤੀ ਰਾਮ ਜੀ ਨੇ ਗੁਰੂ ਪਰਿਵਾਰ ਨੂੰ ਤਿੰਨ ਦਿਨ ਦੁੱਧ ਛਕਾਇਆ ਸੀ। ਇਸ ਦੀ ਸੁੱਚਾ ਨੰਦ ਨਾਲ ਵੀ ਕਾਫੀ ਨੇੜਤਾ ਸੀ ਕਿਉਂਕਿ ਇਹ ਆਮ ਲੋਕਾਂ ਵਿਚੋਂ ਜਾਣਕਾਰੀ ਇਕੱਠੀ ਕਰਨ ਲਈ ਸੂਹੀਏ ਦਾ ਕੰਮ ਕਰਦਾ ਸੀ। ਆਪਣੇ ਭਰਾ ਗੰਗੂ ਨੂੰ ਸਰਕਾਰੀ ਹਿਰਾਸਤ ਵਿਚੋਂ ਬਚਾਉਣ ਲਈ ਇਸਨੇ ਵਜੀਦੇ ਪਾਸ ਭਾਈ ਮੋਤੀ ਰਾਮ ਜੀ ਦੀ ਸ਼ਿਕਾਇਤ ਕਰ ਦਿਤੀ ਕਿ ਇਸਨੇ ਦੁੱਧ ਛਕਾਉਣ ਦੇ ਨਾਲ ਨਾਲ ਗੁਰੂ ਪਰਿਵਾਰ ਦੇ ਅੰਤਿਮ ਸੰਸਕਾਰ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ ਹੈ।

(ਸ਼ਹੀਦਨਾਮਾ: ਭਾਈ ਕਿਸ਼ਨ ਸਿੰਘ ਜੀ)

ਨੀਚ ਗੰਗੁ ਕੋ ਭ੍ਰਾਤ ਇਕ ਲੰਗਾ। ਤਿਨ ਲੀਨੋ ਮੋਤੀ ਸੰਗ ਪੰਗਾ।
ਜਾਇ ਵਜੀਰਹਿ ਭੇਦ ਬਤਾਇਯੋ। ਇਕ ਝੀਵਰ ਹੈ ਪੇਯ ਪਿਆਇਯੋ ।
ਗੁਰ ਕੋ ਮਾਤ ਬਾਲ ਸੁਖਦਾਈ। ਇਸਹਿ ਦੀਨ ਬਹੁਤ ਵਡਿਆਈ।

3

follow us on /anandpurwaasi



ਪੰਮੇ ਪੰਡਤ ਦੀ ਸ਼ਿਕਾਇਤ ਨੇ ਸਰਕਾਰ ਦੀ ਹੋਰ ਪੁਸ਼ਟੀ ਕਰ ਦਿਤੀ ਕਿ ਮੋਤੀ ਰਾਮ ਮਹਿਰਾ ਸਰਕਾਰ ਦੇ ਹੁਕਮਾਂ ਖਿਲਾਫ ਚੱਲ ਰਿਹਾ ਹੈ। ਅੰਤ ਵਜੀਦੇ ਦੇ ਹੁਕਮਾਂ ਨਾਲ ਭਾਈ ਮੋਤੀ ਰਾਮ ਮਹਿਰਾ ਜੀ ਨੂੰ ਪਰਿਵਾਰ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਪਰਿਵਾਰ ਵਿਚ ਇਹਨਾਂ ਦੀ 80 ਸਾਲ ਦੀ ਮਾਤਾ ਬੀਬੀ ਲੱਧੋ ਅਤੇ 6 ਸਾਲ ਦਾ ਪੁੱਤਰ ਵੀ ਸੀ। ਕਚਿਹਰੀ ਲੱਗੀ ਅਤੇ ਵਜੀਦ ਖਾਂ ਨੇ ਕਰੋਧ ਨਾਲ ਅੱਗ ਬਬੂਲਾ ਹੋ ਜੋ ਗਰਜ ਕ ਕਿਹਾ ਮੋਤੀ ਰਾਮ, ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੀ ਸਿੱਖ ਹੈ ਤੇ ਤੂੰ ਮਾਤਾ ਜੀ ਅਤੇ ਸਾਹਿਬਜਾਦਿਆਂ ਨੂੰ ਦੁੱਧ ਪਿਲਾਇਆ ਹੈ। ਬਾਬਾ ਮੋਤੀ ਰਾਮ ਮਹਿਰਾ ਜੀ ਕਹਿਣ ਲੱਗੇ ਕਿ ਇਹ ਸੱਚਾਈ ਹੈ। ਮੈਂ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਹਾਂ ਅਤੇ ਮੇਰੇ ਪਿਤਾ ਜੀ ਹਰਾ ਰਾਮ ਜੀ ਸ਼੍ਰੀ ਅਨੰਦਪੁਰ ਸਾਹਿਬ ਰਸਦ ਦਾ ਗੱਡਾ ਲੈ ਕੇ ਗਏ ਸਨ ਪਰ ਘੇਰਾਬੰਦੀ ਹੋਣ ਕਰਕੇ ਉਹ ਸ਼੍ਰੀ ਅਨੰਦਪੁਰ ਸਾਹਿਬ ਕਿਲੋ ਦੇ ਅੰਦਰ ਹੀ ਰਹੇ ਤੇ ਫਿਰ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ ਤੇ ਹਰਾ ਸਿੰਘ ਬਣ ਗਏ। ਉਨ੍ਹਾਂ ਨੇ ਸ਼੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਇਹ ਸੁਣ ਕੇ ਵਜੀਦ ਖਾਂ ਹੋਰ ਭੜਕ ਗਿਆ ਤੇ ਹੁਕਮ ਕਰ ਦਿੱਤਾ ਜਾਂ ਤਾਂ ਮੁਸਲਮਾਨ ਬਣ ਜਾਓ ਨਹੀਂ ਤਾਂ ਫਿਰ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ।

4

follow us on /anandpurwaasi



ਬਾਬਾ ਮੋਤੀ ਰਾਮ ਮਹਿਰਾ ਜੀ ਨੇ ਮਾਤਾ ਗੁਜਰੀ ਜੀ ਦੇ ਹੱਥਾਂ ਦੀ ਛੋਹ ਮਹਿਸੂਸ ਕੀਤੀ ਸੀ ਅਤੇ ਜਨਮ ਮਰਨ ਤੋਂ ਮੁਕਤ ਹੋ ਚੁੱਕਾ ਸੀ। ਸੋ ਬਾਬਾ ਜੀ ਨੇ ਕਿਹਾ ਕਿ ਸੂਬਿਆ ਤੂੰ ਲਾਲਚ ਦੇ ਕੇ 7 ਅਤੇ 9 ਸਾਲ ਦੇ ਸਾਹਿਬਜ਼ਾਦਿਆਂ ਨੂੰ ਨਹੀਂ ਡੁਲਾ ਸਕਿਆ ਤਾਂ ਮੇਰੇ ਵਰਗੇ ਨੇ ਜਿਸ ਨੇ ਉਹਨਾਂ ਦੀ ਛੋਹ ਮਾਣੀ ਹੈ ਉਹ ਕਿਵੇਂ ਧਰਮ ਤੋਂ ਥਿੜਕ ਸਕਦਾ ਹੈ? ਇਹ ਸੁਣ ਕੇ ਵਜ਼ੀਰ ਖਾਨ ਦੇ ਅੱਗ ਲੱਗ ਗਈ। ਇਹਨਾਂ ਨੂੰ ਡਰਾਉਣ ਲਈ ਇਕ ਕੋਹਲੂ ਲੈ ਆਂਦਾ ਅਤੇ ਸਰੀਰਾਂ ਉਪਰ ਕੋਰੜੇ ਮਾਰੇ ਗਏ ਅਤੇ ਅੱਧ ਮੋਏ ਕਰ ਦਿਤੇ ਗਏ। ਅਤੇ ਫਿਰ ਬਾਬਾ ਜੀ ਦੇ 6 ਸਾਲਾ ਪੁੱਤਰ ਨਾਰਾਇਣ ਨੂੰ ਕੋਹਲੂ ਵੱਲ ਖਿਚਿਆ ਗਿਆ। ਸੂਬਾ ਸਰਹਿੰਦ ਨੇ ਹੁਕਮ ਸੁਣਾਇਆ ਕਿ ਸਭ ਤੋਂ ਪਹਿਲਾਂ ਇਸ ਦੇ ਪੁੱਤਰ ਨੂੰ ਕੋਹਲੂ ਵਿਚ ਪੀੜ ਦਿਓ। ਬਾਬਾ ਜੀ ਨੇ ਆਪਣੇ ਪੁੱਤਰ ਨੂੰ ਆਖਰੀ ਵਾਰ ਵੇਖਿਆ ਦੋਵਾਂ ਦੀਆਂ ਅੱਖਾਂ ਵਿਚ ਰੂਹਾਨੀ ਜਲਾਲ ਸੀ। ਸਾਰਾ ਦਰਬਾਰ ਸਾਹ ਰੋਕੀ ਪਿਓ ਪੁੱਤਰ ਦੀ ਮਿਲਣੀ ਨੂੰ ਵਾਚ ਰਿਹਾ ਸੀ। ਬਾਬਾ ਜੀ ਨੂੰ ਮਹਿਸੂਸ ਹੋਇਆ ਜਿਸ ਰਸਤੇ ਗੁਰੂ ਜੀ ਦੇ ਲਾਲ ਤੁਰੇ ਹਨ, ਉਸੇ ਹੀ ਪਗਡੰਡੀ ਤੇ ਤੁਰਨ ਦਾ ਸੁਭਾਗ ਉਸ ਨੂੰ ਗੁਰੂ ਦੀ ਇਲਾਹੀ ਨਦਰਿ ਨਾਲ ਪ੍ਰਾਪਤ ਹੋ ਰਿਹਾ ਹੈ।



follow us on /anandpurwaasi

ਦੀਨ ਦਇਆਲ ਭਰੋਸੇ ਤੇਰੇ ॥ ਸਭ ਪਰਵਾਰ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸੁ ਭਾਵੈ ਤਾ ਹੁਕਮ ਮਨਾਵੈ ॥ ਇਸ ਬੇੜੇ ਕਉ ਪਾਰਿ ਲੰਘਾਵੈ ॥



ਬਾਬਾ ਮੋਤੀ ਰਾਮ ਜੀ ਦੀਆਂ ਅੱਖਾਂ ਸਾਹਮਣੇ ਬਾਬਾ ਜੀ ਦੇ ਛੇ ਸਾਲਾਂ ਸੁਪੁੱਤਰ ਅੱਸੀ ਸਾਲਾਂ ਮਾਤਾ ਬੀਬੀ ਲੱਧੋ ਜੀ ਅਤੇ ਧਰਮ ਸੁਪਤਨੀ ਬੀਬੀ ਭੋਲੀ ਜੀ ਨੂੰ ਸਰਹਿੰਦ ਤੇ ਤੇਲੀਆਂ ਮੁਹੱਲੇ ਵਿੱਚ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਪਰਿਵਾਰ ਕੋਹਲੂ ਵਿੱਚ ਪੀੜ੍ਹਿਆਂ ਜਾ ਰਿਹਾ ਸੀ ਪਰ ਬਾਬਾ ਮੋਤੀ ਰਾਮ ਮਹਿਰਾ ਜੀ ਰੱਬੀ ਭਾਣਿਆ ਦੇ ਵਿਸਮਾਦੀ ਕੌਤਕਾਂ ਨੂੰ ਅਡੋਲਤਾ ਨਾਲ ਖੁੱਲੀਆਂ ਅੱਖਾਂ ਰਾਹੀਂ ਵੇਖ ਰਹੇ ਸਨ। ਵਾਰੋ ਵਾਰੀ ਸਾਰਾ ਪਰਿਵਾਰ ਕੋਹਲੂ ਵਿੱਚ ਪੀੜ ਦਿੱਤਾ ਗਿਆ। ਤੇਲ ਵਾਲਾ ਕੜਾਹਾ ਖੂਨ ਨਾਲ ਭਰ ਗਿਆ  ਹੱਡੀਆਂ ਦਾ ਚੂਨਾ ਬਣ ਗਿਆ। ਮਾਸ ਨਪੀੜ ਹੋ ਕੇ ਮਿੱਝ ਦੀ ਸ਼ਕਲ ਵਿੱਚ ਬਦਲ ਗਿਆ। ਬਾਬਾ ਜੀ ਦੇ ਪਰਿਵਾਰ ਦੀ ਸ਼ਹੀਦੀ ਉਪਰੰਤ ਫਿਰ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਵੀ ਕੋਹਲੂ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ।



follow us on /anandpurwaasi



ਬਾਬਾ ਬੰਦਾ ਬਹਾਦਰ ਨੇ ਜਦੋਂ ਸਰਹਿੰਦ ਫਤਿਹ ਕੀਤੀ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਘਾਲਣਾ ਸੁਣ ਉੱਨਾ ਦੇ ਮੁੱਖ ਵਿੱਚੋ ਫਿਰ ਇਹ ਬਚਨ ਨਿਕਲਿਆ : **ਧੰਨ ਮੋਤੀ ਜਿਨੁ ਪੁੰਨ ਕਮਾਇਆ ਗੁਰ ਲਾਲਾਂ ਤਾਈਂ ਦੁੱਧ ਪਿਲਾਇਆ।** ਬਾਬਾ ਮੋਤੀ ਰਾਮ ਮਹਿਰਾ ਜੀ ਸਤਿਗੁਰੂ ਜੀ ਦੇ ਸਨਮੁੱਖ ਅਮਲੀ ਤੌਰ ਤੇ ਨਾਮ ਸਿਮਰ ਕੇ ਪ੍ਰਵਾਨ ਹੋਏ ਅਤੇ ਉੱਨਾ ਨੂੰ ਸੱਚੀ ਦਰਗਾਹ ਵਿੱਚ ਮਾਣ ਪ੍ਰਾਪਤ ਹੋਇਆ। ਗੁਰੂਦਵਾਰਾ ਅਮਰ ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ,ਗੁਰੂਦਵਾਰਾ ਫਤੇਹਗੜ੍ਹ ਸਾਹਿਬ ਤੋਂ ਕੁਝ ਮੀਟਰ ਦੀ ਦੂਰੀ ਤੇ ਸਥਿਤ ਹੈ। ਇੱਥੇ ਉਹ ਪਾਵਨ ਗਿਲਾਸ ਸੁਭਾਇਮਾਨ ਹਨ ਜਿਨ੍ਹਾਂ ਵਿੱਚ ਛੋਟੇ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਨੇ ਠੰਡੇ ਬੁਰਜ ਵਿਖੇ ਦੁੱਧ ਛਕਿਆ ਸੀ।

7

follow us on /anandpurwaasi



ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਨੂਰੇ ਮਾਹੀ ਨੇ ਸਾਰੇ ਸਾਕੇ ਬਾਰੇ ਦੱਸਿਆ ਤਾਂ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਸੇਵਾ ਅਤੇ ਸ਼ਹਾਦਤ ਨੂੰ ਕਰੜੀ ਘਾਲਣਾ ਦਾ ਨਾਂ ਦਿੰਦਿਆਂ ਸ਼੍ਰੀ ਦਸ਼ਮੇਸ਼ ਪਿਤਾ ਜੀ ਨੇ ਫ਼ਰਮਾਇਆ ਕਿ ਮੋਤੀ ਰਾਮ ਮਹਿਰਾ ਨੇ ਆਪਣੇ ਘਾਲ ਕਮਾਈ ਨਾਲ ਸਾਡੇ ਅਤਿ ਨਿਕਟ ਪਿਆਰੇ ਗੁਰੂਸਿੱਖ ਦਾ ਦਰਜਾ ਪ੍ਰਾਪਤ ਕਰ ਲਿਆ ਹੈ। ਕਲਗੀਧਰ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਜਗਤ ਦਾ ਤਮਾਸ਼ਾ ਦੇਖ ਕੇ ਜਦੋ ਅਸੀਂ ਸੱਚਖੰਡ ਵਿੱਚ ਜਾ ਕੇ ਬਿਰਾਜਾਗੇ ,ਉੱਦੋ ਮੋਤੀ ਰਾਮ ਦਾ ਵਸੇਬਾ ਬਿਲਕੁਲ ਸਾਡੇ ਨਜ਼ਦੀਕ ਹੋਵੇਗਾ ਅਤੇ ਅਸੀਂ ਹਮੇਸ਼ਾ ਉਸ ਨੂੰ ਆਪਣੇ ਗਲੇ ਦਾ ਹਾਰ ਬਣਾ ਕੇ ਹਿਰਦੇ ਵਿੱਚ ਵਸਾ ਕੇ ਰੱਖਾਂਗੇ। ਭਾਈ ਕਿਸ਼ਨ ਸਿੰਘ ਜੀ ਰਚਿਤ ਸ਼ਹੀਦਨਾਮਾ ਦੀ ਗਵਾਹੀ ਹੈ।

ਮੋਤੀ ਹਮਰੇ ਸਿੱਖ ਪਯਾਰਾ। ਤਿਸ ਕਾ ਕਰਜ ਮਮ ਸਿਰ ਭਾਰਾ।
ਜਬ ਹਮ ਦਰਗਹਿ ਜਾਇ ਬਿਰਾਜੈ। ਮੋਤੀ ਰਾਮ ਹਮ ਨਿਕਟ ਰਹਾਜੇ।
ਸੱਚਖੰਡ ਜਬ ਕਰਹਿ ਹਮ ਵਾਸਾ। ਮੋਤੀ ਰਾਮ ਮਮ ਢਿੰਗ ਹੋਇ ਵਾਸਾ।
ਹਮਰੇ ਉਰ ਕਾ ਹਾਰ ਵਹ ਬਨੇ। ਸਦ ਹੀ ਹਮਰੇ ਰਿਦ ਸੰਗ ਸਨੇ।

8

follow us on /anandpurwaasi



ਧੰਨ ਹਨ ਬਾਬਾ ਮੋਤੀ ਰਾਮ ਜੀ ਮਹਿਰਾ ਅਤੇ ਉਹਨਾਂ ਦਾ ਸਰਬ ਪ੍ਰਵਾਰ ਜਿਨ੍ਹਾਂ ਨੇ ਐਸੀ ਬਿਖੜੀ ਘਾਲਣਾ ਘਾਲ ਕੇ ਸਤਿਗੁਰ ਜੀ ਦੇ ਹਿਰਦੇ ਵਿੱਚ ਨਿਵਾਸ ਪ੍ਰਾਪਤ ਕੀਤਾ। ਤੁੱਠੇ ਸਤਿਗੁਰੂ, ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਚਨ ਅਨੰਤ ਸਮਿਆਂ ਤੱਕ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਸਨਮਾਨਿਤ ਕਰਦਾ ਰਹੇਗਾ। ਸ਼ਹੀਦਨਾਮਾ ਵਿੱਚ ਭਾਈ ਕਿਸ਼ਨ ਸਿੰਘ ਜੀ ਦੀ ਕਲਮ ਤੋਂ ਸਰਬੰਸਦਾਨੀ ਸਤਿਗੁਰੂ ਜੀ ਦੇ ਮੁੱਖ ਬਚਨ ਹਨ:

**ਮਮ ਸਿਖਨ ਮਹਿ ਮੋਤੀ ਖਾਸ।**
**ਸਦਾ ਰਹੇ ਗੁਰ ਚਰਨਨ ਪਾਸ।**

>>>ਅਗਲੇ ਅੰਕ ਤੋਂ ਬਾਅਦ ਲੜੀਵਾਰ ਇਤਿਹਾਸ ਦੀ ਸਮਾਪਤੀ>>>



@anandpurwaasi
follow us on /anandpurwaasi


* ਸਮਾਪਤੀ ਲੜੀਵਾਰ ਇਤਿਹਾਸ ਸਾਕਾ ਸਰਹੰਦ *
@anandpurwaasi
ਦਸਮੇਸ਼ ਪਿਤਾ ਜੀ ਨੇ ਛੋਟੇ ਸਾਹਿਬਜ਼ਾਦਿਆਂ
ਦੀ ਸ਼ਹੀਦੀ ਦੀ ਖ਼ਬਰ ਹੋਣ ਤੇ ਮੁਗਲ ਰਾਜ ਦੀ
ਜੜ੍ਹ ਪੁੱਟਣ ਦਾ ਬਚਨ ਕਰਨਾ
ਪਿਛਲੀ ਪੋਸਟ ਨਾਲ ਲੜੀਵਾਰ
ਅੱਗੇ ਪੜ੍ਹੋ ਜੀ
follow us on /anandpurwaasi



# ਗੁਰੂ ਸਾਹਿਬ ਜੀ ਰਾਏਕੋਟ ਵਿਖੇ

ਉੱਚ ਦੇ ਪੀਰ ਦੇ ਰੂਪ ਵਿਚ ਸ਼ਾਹੀ ਫੌਜਾਂ ਦੇ ਘੇਰੇ ਵਿਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਹੇਹਰ ਪਿੰਡ ਪਹੁੰਚ ਗਏ ਜਿਥੋਂ ਭਾਈ ਗਨੀ ਖਾਂ ਅਤੇ ਨਬੀ ਖਾਂ ਨੂੰ ਹੁਕਮਨਾਮਾ ਬਖਸ਼ ਕੇ ਵਾਪਸ ਜਾਣ ਸਮੇਂ ਇਕ ਜੋੜੀ ਸੋਨੇ ਦੇ ਕੜਿਆਂ ਦੀ ਦਿਤੀ। ਗੁਰੂ ਜੀ ਦੀਆਂ ਬਖਸ਼ਿਸ਼ਾਂ ਲੈ ਕੇ ਦੋਵੇਂ ਭਰਾ ਪ੍ਰਸੰਨਤਾ ਨਾਲ ਵਾਪਸ ਚਲੇ ਗਏ। ਹੇਹਰ ਪਿੰਡ ਤੋਂ ਚੱਲ ਕੇ ਲੰਮਾ ਜੱਟਪੁਰਾ ਹੁੰਦੇ ਹੋਏ ਗੁਰੂ ਸਾਹਿਬ ਰਾਇ ਕੋਟ ਨੂੰ ਚੌਧਰੀ ਰਾਇ ਕੱਲੇ ਪਾਸ ਚੱਲ ਪਏ ਜੋ ਗੁਰੂ ਸਾਹਿਬ ਵਿਚ ਬੜੀ ਸ਼ਰਧਾ ਰੱਖਦਾ ਸੀ।



follow us on /anandpurwaasi



ਰਾਏ ਕੋਟ ਦੇ ਚੌਂਧਰੀ ਰਾਏ ਕੱਲੇ ਨੂੰ ਜਦ ਪਤਾ ਲਗਾ ਕਿ ਆਪ ਜੀ ਮੇਰੇ ਨਗਰ ਨੂੰ ਆ ਰਹੇ ਹਨ, ਤਾਂ ਉਹ ਆਪਣੇ ਨਾਲ ਕੁਛ ਆਦਮੀ ਲੈਕੇ ਬੜੇ ਸਤਕਾਰ ਨਾਲ ਪਿੰਡ ਤੋਂ ਅਧਾ ਕੁ ਮੀਲ ਦੂਰ ਅਗੋਂ ਜਾ ਮਿਲਿਆ। ਰਾਏ ਕਲਾ ਨੇ ਗੁਰੂ ਜੀ ਦੇ ਚਰਨਾਂ ਤੇ ਮਥਾ ਟੇਕਿਆ ਅਤੇ ਪਾਸ ਬੈਠਕੇ ਸਾਹਿਬਜਾਦਿਆਂ ਦੀ ਸ਼ਹੀਦੀ ਅਤੇ ਹੋਰ ਦੁਖਾਂਦਾ ਵੇਰਵਾ ਕਰਕੇ ਅਫਸੋਸ ਕੀਤਾ। ਰਾਏ ਕੱਲੇ ਦੀਆਂ ਗੱਲਾਂ ਸੁਣਕੇ ਸਤਿਗੁਰੂ ਜੀ ਬੋਲੇ, ਭਾਈ ਰਾਏ ਜੀ ! ਹੋਣੀ ਹੋਕੇ ਹੀ ਰਹਿੰਦੀ ਹੈ, ਇਹ ਮਿਟਦੀ ਨਹੀਂ ਭਾਵੇਂ ਕੋਈ ਹੋਵੇ। ਇਸ ਤਰ੍ਹਾਂ ਕੁਛ ਹੋਰ ਬਚਨ ਕਰਕੇ ਅਤੇ ਜਲ ਪਾਣੀ ਛਕਕੇ ਗੁਰੂ ਜੀ ਨੇ ਕਿਹਾ ਚੌਂਧਰੀ ਕਲਾ ! ਆਪਣਾ ਕੋਈ ਇਤਬਾਰੀ ਆਦਮੀ ਸਰਹਿੰਦ ਭੇਜਕੇ ਛੋਟੇ ਸਾਹਿਬਜਾਦਿਆਂ ਅਤੇ ਬ੍ਰਿਧ ਮਾਤਾ ਜੀ ਦੀ ਛੇਤੀ ਖਬਰ ਮੰਗਾਓ। ਕੱਲੇ ਨੇ ਕਿਹਾ ਪਾਤਸ਼ਾਹ ! ਸਰਹਿੰਦ ਏਥੋਂ ਚਾਲੀ ਕੋਹ ਦੂਰ ਹੈ, ਮੈਂ ਆਪਣੇ ਇਕ ਤੇਜ਼ ਰਫਤਾਰ ਆਦਮੀ ਮਾਹੀ (ਮੱਝਾਂ ਦੇ ਚਰਵਾਹੇ) ਨੂੰ ਭੇਜਦਾ ਹਾਂ,ਜੋ ਇਸ ਕੰਮ ਦੇ ਯੋਗ ਹੈ ਉਹ ਛੇਤੀ ਹੀ ਆ ਜਾਵੇਗਾ। 2

follow us on /anandpurwaasi




ਕਲੇ ਨੇ ਦੂਜੇ ਦਿਨ ਅੰਮ੍ਰਿਤ ਵੇਲੇ ਹੀ ਮਾਹੀ ਨੂੰ ਸਰਹਿੰਦ ਵਲ ਤੋਰ ਦਿਤਾ। ਰਸਤੇ ਵਿਚ ਮਾਹੀ ਨੂੰ ਗੁਰੂ ਜੀ ਨੂੰ ਲਭਣ ਵਾਸਤੇ ਤੁਰਦੇ ਜੀ ਫਿਰਦੇ ਤੁਰਕੀ ਦਲ ਵੀ ਮਿਲੇ, ਜਿਨ੍ਹਾਂ ਤੋਂ ਮਾਹੀ ਨੂੰ ਸਭ ਗਲਾਂ ਦਾ ਪਤਾ ਲਗ ਗਿਆ ਸੀ ਜੋ ਛੋਟੇ ਸਾਹਿਬਜ਼ਾਦਿਆਂ ਅਤੇ ਬਿਰਧ ਮਾਤਾ ਜੀ ਨਾਲ ਬੀਤੀਆਂ ਸਨ । ਮਾਹੀ ਦੇ ਤੁਰ ਜਾਣ ਪਿਛੋਂ ਕਲੇ ਚੌਧਰੀ ਨਾਲ ਗਲਾਂ ਬਾਤਾਂ ਕਰਦਿਆਂ ਨੂੰ ਦੁਪੈਹਰ ਹੋ ਗਈ।ਚੌਧਰੀ ਕਲਾ ਵੀ ਆਪਣੇ ਤਿੰਨ ਸੌ ਸੂਰਮਿਆਂ ਨਾਲ ਆਪ ਜੀ ਦੇ ਪਾਸ ਹੀ ਡੇਰਾ ਕਰਕੇ ਟਿਕਿਆ ਰਿਹਾ। ਜਦ ਦੁਪੈਹਰ ਢਲ ਗਈ ਤਾਂ ਗੁਰੂ ਜੀ ਨੇ ਕਿਹਾ, ਚੌਧਰੀ ਕਲਾ ! ਦੇਖੋ ਮਾਹੀ ਆਇਆ ਹੈ ਕਿ ਨਹੀਂ ? ਕਲੇ ਨੇ ਕਿਹਾ ਪਾਤਸ਼ਾਹ ਜੀ ! ਮਾਹੀ ਸਵੇਰੇ ਤੁਰਿਆ ਸੀ, ਚਾਲੀ ਕੋਹ ਪੈਂਡਾ ਸਾਰੇ ਦਿਨ ਵਿਚ ਮੁਕਾਏਗਾ। ਦੋ ਘੜੀਆਂ ਬੀਤਣ ਮਗਰੋਂ ਗੁਰੂ ਜੀ ਨੇ ਫੇਰ ਕਿਹਾ ਕੋਈ ਆਦਮੀ ਬ੍ਰਿਛ ਤੇ ਚੜ੍ਹੇ ਤੇ ਵੇਖੇ ਕਿ ਨੂਰਾ ਆਇਆ ਕਿ ਨਹੀਂ? ਚੌਧਰੀ ਨੇ ਕਿਹਾ ਗੁਰੂ ਜੀ ਛੇਤੀ ਤੋਂ ਛੇਤੀ ਉਹ ਕੱਲ ਸ਼ਾਮ ਨੂੰ ਪਹੁੰਚ ਸਕਦਾ ਹੈ।

3

follow us on /anandpurwaasi



ਜਦ ਡੇਦ ਪਹਿਰ ਦਿਨ ਰਹਿ ਗਿਆ ਤਾਂ ਆਪ ਜੀ ਨੇ ਫਿਰ ਆਖਿਆ ਕਿ ਕੋਈ ਇਕ ਜਣਾ ਬ੍ਰਿਛ ਉਤੇ ਚੜ੍ਹ ਕੇ ਦੇਖੇ, ਮਾਹੀ ਆਉਂਦਾ ਹੈ ਕਿ ਨਹੀਂ। ਰਾਏ ਕਲੇ ਨੇ ਆਪਣੇ ਆਦਮੀਆਂ ਨੂੰ ਕਿਹਾ, ਸਤਿਗੁਰੂ ਜੀ ਨੇ ਤੀਜੀ ਵਾਰ ਆਖਿਆ ਹੈ, ਇਸ ਵਿਚ ਸਾਡਾ ਕੀ ਹਰਜ ਹੈ, ਇਕ ਜਣਾ ਬ੍ਰਿਛ ਉਤੇ ਚੜ੍ਹਕੇ ਦੇਖੇ। ਇਕ ਆਦਮੀ ਨੇ ਉਸੇ ਵੇਲੇ ਬਿਰਛ ਦੇ ਉਚੇ ਟਾਹਣੇ ਉਤੇ ਚੜ੍ਹਕੇ ਝਟ ਹੀ ਬੋਲ ਪਿਆ ਗੁਰੂ ਜੀ ! ਮਾਹੀ ਔਹ ਆ ਰਿਹਾ ਹੈ। ਮਾਹੀ ਨੂੰ ਦੇਖਕੇ ਸਾਰੇ ਹੈਰਾਨ ਹੋ ਗਏ ਕਿ ਅੱਸੀ ਕੋਹ ਦਾ ਪੈਂਡਾ ਇਹ ਮਾਹੀ ਤਿੰਨਾਂ ਪਹਿਰਾਂ ਵਿਚ ਕਿਸ ਤਰ੍ਹਾਂ ਕਰ ਸਕਦਾ ਹੈ। ਇਹ ਤਾਂ ਗੁਰੂ ਜੀ ਨੇ ਆਪਣੀ ਸ਼ਕਤੀ ਵਰਤਾਈ ਹੈ। ਮਾਹੀ ਨੇ ਆਣਕੇ ਗੁਰੂ ਜੀ ਨੂੰ ਮਥਾ ਟੇਕਿਆ ਤੇ ਪਾਸ ਬੈਠਕੇ ਆਖਿਆ ਕਿ ਜ਼ਾਲਮਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿਤਾ ਹੈ, ਅਤੇ ਮਾਤਾ ਜੀ ਉਨ੍ਹਾਂ ਦੇ ਵਿਜੋਗ ਵਿਚ ਸਰੀਰ ਤਿਆਗ ਗਏ ਹਨ। ਗੰਗੂ ਦੀ ਗੱਦਾਰੀ ਤੋਂ ਸਰਹੰਦ ਵਿਚ ਜੋ ਜੋ ਬੀਤੀ ਸਾਰੀ ਵਾਰਤਾ ਨੂਰੇ ਨੇ ਗੁਰੂ ਜੀ ਨੂੰ ਸੁਣਾਈ।



follow us on /anandpurwaasi



ਮਾਹੀ ਨੇ ਆਖਿਆ ਗੁਰੂ ਜੀ !ਇਹ ਸਾਰੀ ਵਾਰਤਾ ਜੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਮੈਂ ਸੁਣਾਈ ਹੈ ਮੈਨੂੰ ਇਕ ਸਿਖ ਨੇ ਸੁਣਾਈ ਸੀ ਜਿਸ ਨੇ ਸਾਰਾ ਸਾਕਾ ਅੱਖੀਂ ਵੇਖਿਆ ਸੀ। ਮਾਹੀ ਜਦ ਇਹ ਵਾਰਤਾ ਗੁਰੂ ਜੀ ਨੂੰ ਸੁਣਾ ਰਿਹਾ ਸੀ ਤਾਂ ਜੀ ਜੀ ਉਸ ਸਮੇਂ ਪਲੰਘ ਉੱਤੇ ਆਪਣੇ ਦੋਵੇਂ ਪੈਰ ਹੇਠਾਂ ਜ਼ਮੀਨ ਤੇ ਰਖਕੇ ਬੈਠੇ ਸਨ। ਜਿਉਂ ਜਿਉਂ ਆਪ ਜੀ ਮਾਹੀ ਪਾਸੋਂ ਵਾਰਤਾ ਸੁਣੀ ਜਾਂਦੇ ਸਨ, ਤਿਉਂ ਤਿਉਂ ਹੀ ਆਪਣੇ ਹੱਥ ਵਿਚ ਫੜੇ ਤੀਰ ਦੀ ਨੋਕ ਨਾਲ ਇਕ ਕਾਹੀ ਦੇ ਬੂਟੇ ਦੀ ਜੜ ਨੂੰ ਖੋਦੀ ਜਾਂਦੇ ਸਨ।ਜਦ ਸਾਰੀ ਵਾਰਤਾ ਮੁਕ ਗਈ ਤਾਂ ਗੁਰੂ ਜੀ ਨੇ ਪੁਛਿਆ ਕਿ ਉਸ ਸਮੇਂ ਜਦ ਸਾਹਿਬਜ਼ਾਦਿਆਂ ਨੂੰ ਕਤਲ ਕਰ ਦੇਣਦਾ ਹੁਕਮ ਦਿਤਾ ਗਿਆ ਸੀ,ਮਲੇਰੀਆਂ ਤੋਂ ਬਿਨਾਂ ਕਚੇਹਰੀ ਵਿਚ ਕਿਸੇ ਹੋਰ ਮੁਸਲਮਾਨ ਨੇ ਵੀ ਬੱਚਿਆਂ ਦੇ ਹੱਕ ਵਿਚ ਅਵਾਜ਼ ਉਠਾਈ ਕਿ ਨਹੀਂ? 5

follow us on /anandpurwaasi



# ਮੁਗ਼ਲ ਰਾਜ ਦੀ ਜੜ੍ਹ ਪੁੱਟਣੀ

ਮਾਹੀ ਨੇ ਦਸਿਆ ਜੀ ਹੋਰ ਕਿਸੇ ਮੁਸਲਮਾਨ ਨੇ ਬਚਿਆਂ ਉਤੇ ਰਹਿਮ ਕਰਨ ਵਾਸਤੇ ਅਵਾਜ਼ ਨਹੀਂ ਉਠਾਈ ਤਦ ਗੁਰੂ ਜੀ ਨੇ ਕਾਹੀ ਦੇ ਬੂਟੇ ਨੂੰ ਤੀਰ ਦੀ ਨੋਕ ਨਾਲ ਜੜ੍ਹਾਂ ਤੋਂ ਪੁਟ ਕੇ ਬੀਰ ਰਸ 'ਚ ਆ ਕੇ ਕਿਹਾ ਕਿ ਮਲੇਰੀਆਂ ਤੋਂ ਬਿਨਾਂ ਸਭ ਤੁਰਕਾਂ ਦੀ ਜੜ੍ਹ ਇਸ ਕਾਹੀ ਦੇ ਬੂਟੇ ਵਾਂਗੂ ਪੁਟੀ ਜਾਵੇਗੀ। ਸਰਹਿੰਦ ਸ਼ਹਿਰ ਜਿਸ ਵਿਚ ਏਡੇ ਭਿਆਨਕ ਉਪਦਰਵ ਤੇ ਜ਼ੁਲਮ ਹੁੰਦੇ ਹਨ ਇਸ ਨੂੰ ਸਾਡੇ ਸਿਖ ਉਜਾੜਕੇ ਇਸ ਦੀ ਇਟ ਨਾਲ ਇਟ ਖੜਕਾ ਦੇਣਗੇ। ਅਜ ਤੋਂ ਇਹ ਗੁਰੂ ਮਾਰੀ ਸਰਹਿੰਦ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ 1710 ਵਿਚ ਵਜ਼ੀਰ ਖਾਨ ਦਾ ਕਤਲ ਕਰਕੇ ਸਰਹੰਦ ਸ਼ਹਿਰ ਦੀ ਇੱਟ ਨਾਲ ਇੱਟ ਵਜਾ ਕੇ ਗੁਰੂ ਬਚਨਾਂ ਦੀ ਪਾਲਣਾ ਕੀਤੀ। ਖਾਲਸੇ ਨੇ ਇਸ ਦਾ ਨਾਉਂ ਗੁਰੂ ਮਾਰੀ ਸਰਹਿੰਦ ਰੱਖਿਆ ਸੀ।



follow us on /anandpurwaasi



ਸੋ ਇਸ ਤਰ੍ਹਾਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੇ 7 ਅਤੇ 9 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡਾ ਸਾਕਾ ਕਰ ਵਿਖਾਇਆ। ਆਪਣਾ ਲਹੂ ਡੋਲ੍ਹਕੇ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟ ਗਏ। ਧੰਨ ਧੰਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਕੋਟਾਨ ਕੋਟ ਨਮਸਕਾਰ ਹੈ।



follow us on /anandpurwaasi

## ਜਿੰਨ੍ਹਾਂ ਲਿਖਤਾਂ ਵਿਚੋਂ ਇਤਿਹਾਸ ਦੇ ਹਵਾਲੇ ਲਏ ਗਏ ਹਨ ਉਹਨਾਂ ਦੀ ਸੂਚੀ ਹੇਠ ਲਿਖੇ ਪ੍ਰਕਾਰ ਹੈ:-


~ ਸ੍ਰੀ ਕਲਗੀਧਰ ਚਮਤਕਾਰ (ਭਾਈ ਵੀਰ ਸਿੰਘ ਜੀ)

~ ਸ੍ਰੀ ਦਸਮ ਗੁਰੂ ਚਮਤਕਾਰ (ਭਾਈ ਸੰਤੋਖ ਸਿੰਘ ਜੀ)

~ ਗੰਜਿ-ਸ਼ਹੀਦਾਂ ਅਤੇ ਸ਼ਹੀਦਾਨਿ ਵਫ਼ਾ (ਅੱਲ੍ਹਾ ਯਾਰ ਖਾਂ ਜੋਗੀ)

~ ਪ੍ਰਾਚੀਨ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ ਭੰਗੂ)

~ ਕਥਾ ਗੁਰੂ ਜੀ ਕੇ ਸੁਤਨ ਕੀ (ਭਾਈ ਦੁੱਨਾ ਸਿੰਘ ਹੰਡੂਰੀਆ)

~ ਸਾਡਾ ਇਤਿਹਾਸ (ਸਤਿਬੀਰ ਸਿੰਘ)

~ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਪ੍ਰੋ. ਸਾਹਿਬ ਸਿੰਘ)

~ ਸਾਕਾ ਚਮਕੌਰ (ਭੁਪਿੰਦਰ ਸਿੰਘ)

~ ਸਾਕਾ ਸਰਹਿੰਦ (ਭੁਪਿੰਦਰ ਸਿੰਘ)

~ ਪੰਥ ਪ੍ਰਕਾਸ਼ (ਗਿ. ਗਿਆਨ ਸਿੰਘ)


@anandpurwaasi



follow us on /anandpurwaasi



## ਇਸ ਤੋਂ ਅੱਗੇ ਲੜੀਵਾਰ ਇਤਿਹਾਸ ਦੀ ਸਮਾਪਤੀ ਹੈ ਜੀ

ਗੁਰੂ ਸਾਹਿਬ ਨੇ ਆਪ ਕਿਰਪਾ ਕਰਕੇ ਇਹ ਸੇਵਾ ਲਈ ਹੈ। ਆਪ ਸਭ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ਼ਹੀਦੀ ਸਾਕਿਆਂ ਤੋਂ ਸਿੱਖਿਆ ਲੈ ਕੇ ਗੁਰੂ ਚਰਨਾਂ ਨਾਲ ਜੁੜੀਏ ਅਤੇ ਖਾਲਸੇ ਪੰਥ ਵਿਚ ਖੰਡੇ ਬਾਟੇ ਦੀ ਪਾਹੁਲ ਲੈ ਕੇ ਸ਼ਾਮਲ ਹੋਈਏ। ਇਸ ਲਾਲਚ ਦੀ ਦੁਨੀਆਂ ਵਿਚ ਜਿਥੇ ਮਾੜੀ ਜਿਹੀ ਸ਼ੈ ਪਿੱਛੇ ਲੋਕੀਂ ਧਰਮ ਨੂੰ ਪਿੱਠ ਵਿਖਾ ਦਿੰਦੇ ਹਨ, ਐਸੇ ਸਮੇਂ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਭ ਤੋਂ ਵੱਡੀ ਪ੍ਰੇਰਨਾਸ੍ਰੋਤ ਹੈ ਕਿ ਕੋਈ ਵੀ ਲਾਲਚ ਸਿੱਖੀ ਤੋਂ ਵੱਡਾ ਨਹੀਂ ਹੋ ਸਕਦਾ। ਜਾਨ ਵਾਰ ਕੇ ਵੀ ਜੇ ਸਿੱਖੀ ਨਿਭ ਜਾਵੇ ਤਾਂ ਇਸਤੋਂ ਵਧੀਆ ਹੋਰ ਕੋਈ ਸੌਦਾ ਹੋ ਹੀ ਨਹੀਂ ਸਕਦਾ। ਸੋ ਗੁਰੂ ਪਿਆਰਿਓ ਇਤਿਹਾਸ ਦੀ ਸੇਵਾ ਕਰਦਿਆਂ ਕੋਈ ਅੱਖਰ ਵੱਧ ਘੱਟ ਕੇ ਲਿਖਿਆ ਗਿਆ ਹੋਵੇ ਤਾਂ ਸੰਗਤ ਤੋਂ ਖਿਮਾ ਦੇ ਜਾਚਕ ਹਾਂ, ਗੁਰੂ ਕੀ ਸੰਗਤ ਬਖਸ਼ਣਹਾਰ ਹੈ। ਆਖੋ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।।

ਧੰਨਵਾਦ ਸਹਿਤ~ ਜਥਾ ਅਨੰਦਪੁਰ ਵਾਸੀ

@anandpurwaasi


ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫਤਿਹ